# ਨਗਰ ਨਿਗਮ, ਬਠਿੰਡਾ।

## ਕਾਰਵਾਈ ਜਨਰਲ ਹਾਊਸ ਦੀ ਮੀਟਿੰਗ ਮਿਤੀ 19.07.2022 ਨੂੰ ਸਵੇਰੇ 11.00 ਵਜੇ

ਅੱਜ ਮਿਤੀ 19.07.2022 ਨੂੰ ਸਵੇਰੇ 11.00 ਵਜੇ ਸ਼੍ਰੀਮਤੀ ਰਮਨ ਗੋਇਲ, ਮੇਅਰ, ਨਗਰ ਨਿਗਮ ਬਠਿੰਡਾ ਜੀ ਦੀ ਪ੍ਰਧਾਨਗੀ ਹੇਠ ਜਨਰਲ ਹਾਊਸ ਦੀ ਮੀਟਿੰਗ ਨਗਰ ਨਿਗਮ ਦੇ ਮੀਟਿੰਗ ਹਾਲ ਵਿੱਚ ਹੋਈ। ਮੀਟਿੰਗ ਵਿੱਚ ਹੇਠ ਲਿਖੇ ਕੌਂਸਲਰ ਸਾਹਿਬਾਨ ਨੇ ਹਿੱਸਾ ਲਿਆ।

| ਲੜੀ ਨੰ: | ਕੌਂਸਲਰ ਦਾ ਨਾਮ ਸਰਵ ਸ਼੍ਰੀ/ਸ਼੍ਰੀਮਤੀ | ਵਾਰਡ ਨੰਬਰ | ਅਹੁੱਦਾ |
|---|---|---|---|
| 1 | ਅਮਨਦੀਪ ਕੋਰ | 1 | ਕੌਂਸਲਰ |
| 2 | ਸੁਖਦੀਪ ਸਿੰਘ ਢਿੱਲੋਂ | 2 | ਕੌਂਸਲਰ |
| 3 | ਬਲਜੀਤ ਕੋਰ | 3 | ਕੌਂਸਲਰ |
| 4 | ਸੁਖਦੇਵ ਸਿੰਘ | 4 | ਕੌਂਸਲਰ |
| 5 | ਸ਼ੋਨੀਆ | 5 | ਕੌਂਸਲਰ |
| 6 | ਬੇਅੰਤ ਸਿੰਘ ਰੰਧਾਵਾ | 6 | ਕੌਂਸਲਰ |
| 7 | ਸ਼ੈਰੀ ਗੋਇਲ | 7 | ਕੌਂਸਲਰ |
| 8 | ਹਰਪਾਲ ਸਿੰਘ ਢਿੱਲੋਂ | 8 | ਕੌਂਸਲਰ |
| 9 | ਵੀਰਪਾਲ ਕੋਰ | 9 | ਕੌਂਸਲਰ |
| 10 | ਬਲਜੀਤ ਸਿੰਘ ਸਰਾਂ | 10 | ਕੌਂਸਲਰ |
| 11 | ਅਸ਼ੇਸ਼ਰ ਪਾਸਵਾਨ | 12 | ਕੌਂਸਲਰ |
| 12 | ਗੁਰਦੇਵ ਕੋਰ | 13 | ਕੌਂਸਲਰ |
| 13 | ਵਿਵੇਕ ਗਰਗ | 14 | ਕੌਂਸਲਰ |
| 14 | ਮਨਜੀਤ ਕੋਰ | 15 | ਕੌਂਸਲਰ |
| 15 | ਬਲਰਾਜ ਸਿੰਘ | 16 | ਕੌਂਸਲਰ |
| 16 | ਇਸਮਰਨ | 17 | ਕੌਂਸਲਰ |
| 17 | ਵਿਕਰਮ ਕ੍ਰਾਂਤੀ | 18 | ਕੌਂਸਲਰ |
| 18 | ਸ਼ੀਲਾ ਰਾਣੀ | 19 | ਕੌਂਸਲਰ |
| 19 | ਮੱਖਣ ਸਿੰਘ | 20 | ਕੌਂਸਲਰ |
| 20 | ਸੰਤੋਸ਼ ਕੁਮਾਰੀ ਮਹੰਤ | 21 | ਕੌਂਸਲਰ |
| 21 | ਸੁਰੇਸ਼ ਕੁਮਾਰ | 22 | ਕੌਂਸਲਰ |
| 22 | ਸ਼ਾਮ ਲਾਲ ਗਰਗ | 24 | ਕੌਂਸਲਰ |
| 23 | ਕਮਲਜੀਤ ਕੋਰ | 25 | ਕੌਂਸਲਰ |
| 24 | ਸੰਦੀਪ ਕੁਮਾਰ | 26 | ਕੌਂਸਲਰ |
| 25 | ਉਸ਼ਾ ਗੋਇਲ | 27 | ਕੌਂਸਲਰ |
| 26 | ਹਰਮੰਦਰ ਸਿੰਘ | 28 | ਡਿਪਟੀ ਮੇਅਰ |
| 27 | ਬਲਜਿੰਦਰ ਸਿੰਘ | 30 | ਕੌਂਸਲਰ |
| 28 | ਪ੍ਰਵੀਨ ਗਰਗ | 31 | ਕੌਂਸਲਰ |
| 29 | ੇਹਾ | 33 | ਕੌਂਸਲਰ |
| 30 | ਜਸਵੀਰ ਸਿੰਘ | 34 | ਕੌਂਸਲਰ |
| 31 | ਹਰਵਿੰਦਰ ਸਿੰਘ | 36 | ਕੌਂਸਲਰ |
| 32 | ਅਸ਼ੋਕ ਕੁਮਾਰ | 37 | ਸੀਨੀਅਰ ਡਿਪਟੀ ਮੇਅਰ |
| 33 | ਮਮਤਾ ਸੈਣੀ | 38 | ਕੌਂਸਲਰ |
| 34 | ਪੁਸ਼ਪਾ ਰਾਣੀ | 39 | ਕੌਂਸਲਰ |
| 35 | ਆਤਮਾ ਸਿੰਘ | 40 | ਕੌਂਸਲਰ |
| 36 | ਕੁਲਵਿੰਦਰ ਕੋਰ | 41 | ਕੌਂਸਲਰ |
| 37 | ਸੁਖਰਾਜ ਸਿੰਘ ਔਲਖ | 42 | ਕੌਂਸਲਰ |
| 38 | ਅਨੀਤਾ ਗੋਇਲ | 43 | ਕੌਂਸਲਰ |
| 39 | ਇੰਦਰਜੀਤ ਸਿੰਘ | 44 | ਕੌਂਸਲਰ |
| 40 | ਰਤਨ ਰਾਹੀ | 46 | ਕੌਂਸਲਰ |
| 41 | ਿਮਤਾ | 47 | ਕੌਂਸਲਰ |
| 42 | ਕਮਲੇਸ਼ ਮਹਿਰਾ | 49 | ਕੌਂਸਲਰ |
| 43 | ਮਲਕੀਤ ਸਿੰਘ ਗਿੱਲ | 50 | ਕੌਂਸਲਰ |

ਮੀਟਿੰਗ ਦੇ ਸ਼ੁਰੂ ਵਿੱਚ ਸਕੱਤਰ, ਨਗਰ ਨਿਗਮ ਬਠਿੰਡਾ ਨੇ ਅਪੀਲ ਕੀਤੀ ਕਿ ਮੀਟਿੰਗ ਹਾਲ ਵਿੱਚ ਸਿਰਫ ਚੁਣੇ ਹੋਏ ਕੌਂਸਲਰ ਸਾਹਿਬਾਨ ਅਤੇ ਮੀਡੀਆ ਪਰਸਨਜ਼ ਹੀ ਮੌਜੂਦ ਰਹਿਣਗੇ। ਨਾਨ-ਮੈਂਬਰਾਂ ਦਾ ਮੀਟਿੰਗ ਵਿੱਚ

ਨਾ ਬੈਠਣ। ਇਸਤੇ ਸ਼੍ਰੀਮਤੀ ਸਿਮਰਨ ਨਗਰ ਕੌਂਸਲਰ ਦੇ ਪਤੀ ਸ਼੍ਰੀ ਸੰਜੇ ਬਿਸਵਾਲ, ਸ਼੍ਰੀਮਤੀ ਪੁਸ਼ਪਾ ਰਾਣੀ ਦੇ ਪਤੀ ਸ਼੍ਰੀ ਵਿਪਨ ਮੀਤੂ, ਸ਼੍ਰੀਮਤੀ ਸ਼ੀਲਾ ਰਾਣੀ ਦੇ ਪਤੀ ਸ਼੍ਰੀ ਗੋਵਿੰਦ ਮਸੀਹ ਅਤੇ ਸ਼੍ਰੀਮਤੀ ਗੁਰਦੇਵ ਕੌਰ ਦੇ ਬੇਟੇ ਸ਼੍ਰੀ ਹਰਜਿੰਦਰ ਸਿੰਘ ਸ਼ਿੰਦਾ ਨੇ ਵਿਰੋਧ ਜਾਹਰ ਕੀਤਾ ਅਤੇ ਕਿਹਾ ਕਿ ਇਸ ਸਬੰਧੀ ਜੇਕਰ ਪੰਜਾਬ ਸਰਕਾਰ ਦੀਆਂ ਹਦਾਇਤਾਂ ਹਨ ਤਾਂ ਉਹ ਦਿਖਾਈਆਂ ਜਾਣ। ਨਹੀਂ ਤਾਂ ਉਹਨਾਂ ਨੂੰ ਮੀਟਿੰਗ ਵਿੱਚ ਬੈਠਣ ਦਿੱਤਾ ਜਾਵੇ। ਇਸਤੇ ਸਕੱਤਰ, ਨਗਰ ਨਿਗਮ ਬਠਿੰਡਾ ਨੇ ਕਿਹਾ ਕਿ ਪੰਜਾਬ ਸਰਕਾਰ ਦੀਆਂ ਇਸ ਸਬੰਧੀ ਹਦਾਇਤਾਂ ਦੀ ਕਾਪੀ ਮੁਹੱਈਆ ਕਰਵਾ ਦਿੱਤੀ ਜਾਵੇਗੀ।

ਮਾਨਯੋਗ ਮੇਅਰ, ਨਗਰ ਨਿਗਮ ਬਠਿੰਡਾ ਜੀ ਨੇ ਕਿਹਾ ਕਿ ਹਾਊਸ ਇਕ ਪਰਿਵਾਰ ਦੀ ਤਰ੍ਹਾਂ ਹੈ। ਇਸ ਵਿੱਚ ਕਿਸੇ ਵੀ ਮੈਂਬਰ ਸਾਹਿਬਾਨ ਨਾਲ ਵਿਤਕਰਾ ਨਹੀਂ ਕੀਤਾ ਜਾਂਦਾ। ਹਾਊਸ ਵਿੱਚ ਹਰੇਕ ਮੈਂਬਰ ਨੂੰ ਬੋਲਣ ਦਾ ਮੌਕਾ ਦਿੱਤਾ ਜਾਵੇਗਾ। ਹਾਊਸ ਵਿੱਚ ਕੋਈ ਪਾਰਟੀਬਾਜ਼ੀ ਨਹੀਂ ਹੋਵੇਗੀ। ਹਰੇਕ ਮੈਂਬਰ ਸਾਹਿਬਾਨ ਦੇ ਬਣਦੇ ਵਿਕਾਸ ਦੇ ਕੰਮ ਕਰਵਾਉਣ ਦੀ ਹਰ ਸੰਭਵ ਕੋਸ਼ਿਸ਼ ਕੀਤੀ ਜਾਵੇਗੀ। ਇਸਤੋਂ ਇਲਾਵਾ ਨਗਰ ਨਿਗਮ ਵਿਖੇ ਆਉਣ ਵਾਲੇ ਹਰੇਕ ਮਿਉਂਸਪਲ ਕੌਂਸਲਰ ਦਾ ਬਣਦਾ ਮਾਨ ਸਤਿਕਾਰ ਕੀਤਾ ਜਾਂਦਾ ਹੈ। ਉਹਨਾਂ ਹਾਊਸ ਵਿੱਚ ਮੋਜੂਦ ਕੌਂਸਲਰ ਸਾਹਿਬਾਨ ਨੂੰ ਬੇਨਤੀ ਕੀਤੀ ਕਿ ਆਪਾਂ ਸਾਰੇ ਰੱਲ-ਮਿਲ ਕੇ ਬਠਿੰਡਾ ਦੇ ਵਿਕਾਸ ਵਿੱਚ ਯੋਗਦਾਨ ਪਾਈਏ ਅਤੇ ਸਫਾਈ ਦੇ ਮਾਮਲੇ ਵਿੱਚ ਬਠਿੰਡਾ ਸ਼ਹਿਰ ਨੂੰ ਇੱਕ ਨੰਬਰ ਤੇ ਲਿਆਉਣ ਦਾ ਹਰ ਸੰਭਵ ਯਤਨ ਕਰੀਏ।

ਸ਼੍ਰੀ ਜਸਵੀਰ ਸਿੰਘ ਜੱਸਾ, ਕੌਂਸਲਰ ਨੇ ਦਸਿਆ ਕਿ ਅਮਰੀਕ ਸਿੰਘ ਰੋਡ ਅਤੇ ਮਾਲ ਰੋਡ ਤੇ ਸੀਵਰੇਜ਼ ਦੀ ਡੀ-ਸਿਲਟਿੰਗ ਨਾ ਹੋਣ ਨਾਲ ਬਰਸਾਤਾਂ ਦੋਰਾਨ ਪਾਣੀ ਅਮਰੀਕ ਸਿੰਘ ਰੋਡ ਤੇ ਖੜ੍ਹਾ ਹੋ ਜਾਂਦਾ ਹੈ। ਉਹਨਾਂ ਡੀ-ਸਿਲਟਿੰਗ ਦਾ ਸ਼ਡਿਊਲ ਸਾਰੇ ਮੈਂਬਰ ਸਾਹਿਬਾਨ ਨੂੰ ਭੇਜਣ ਲਈ ਕਿਹਾ। ਉਹਨਾਂ ਮੰਗ ਕੀਤੀ ਕਿ ਮਾਨ ਪੈਟਰੋਲ ਪੰਪ ਵਾਲੇ ਪਾਸੇ ਸੀਵਰੇਜ਼ ਦੀ ਡੀ-ਸਿਲਟਿੰਗ ਕਰਵਾਈ ਜਾਵੇ। ਇਸਤੇ ਕਾਰਜਕਾਰੀ ਇੰਜੀਨੀਅਰ, ਪੰਜਾਬ ਵਾਟਰ ਸਪਲਾਈ ਅਤੇ ਸੀਵਰੇਜ਼ ਬੋਰਡ ਬਠਿੰਡਾ ਨੇ ਦਸਿਆ ਕਿ ਜਿਸ ਜਗ੍ਹਾ ਵੀ ਸੀਵਰ ਦੀ ਬਲਾਕੇਜ਼ ਸਬੰਧੀ ਕੋਈ ਸ਼ਿਕਾਇਤ ਪ੍ਰਾਪਤ ਹੁੰਦੀ ਹੈ ਤਾਂ ਉਸਦਾ ਤੁਰੰਤ ਨਿਪਟਾਰਾ ਕਰਨ ਦਾ ਹਰ ਸੰਭਵ ਯਤਨ ਕੀਤਾ ਜਾਂਦਾ ਹੈ। ਮਾਨ ਪੈਟਰੋਲ ਪੰਪ ਵਾਲੇ ਪਾਸੇ ਜਲਦੀ ਹੀ ਡੀ-ਸਿਲਟਿੰਗ ਕਰਵਾ ਦਿੱਤੀ ਜਾਵੇਗੀ।

ਸ਼੍ਰੀ ਬੇਅੰਤ ਸਿੰਘ ਰੰਧਾਵਾ, ਕੌਂਸਲਰ ਨੇ ਕਿਹਾ ਕਿ ਕਮਲਾ ਨਹਿਰੂ ਕਲੋਨੀ ਵਿਖੇ ਬਰਸਾਤਾਂ ਦੋਰਾਨ ਪਾਣੀ ਲੋਕਾਂ ਦੇ ਘਰਾਂ ਵਿੱਚ ਚਲਾ ਜਾਂਦਾ ਹੈ। ਉਹਨਾਂ ਆਪਣੇ ਵਾਰਡ ਵਿੱਚ ਡੀ-ਸਿਲਟਿੰਗ ਕਰਨ ਦੀ ਮੰਗ ਕੀਤੀ। ਉਕਤ ਤੋਂ ਇਲਾਵਾ ਉਹਨਾਂ ਦੇ ਵਾਰਡ ਵਿੱਚ ਅਵਾਰਾ ਪਸ਼ੂਆਂ ਦੀ ਗਿਣਤੀ ਬਹੁਤ ਜਿਆਦਾ ਹੋਣ ਕਾਰਨ ਲੋਕਾਂ ਨੂੰ ਦਿੱਕਤਾਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਉਹਨਾਂ ਜਲਦ ਤੋਂ ਜਲਦ ਉਕਤ ਸਮੱਸਿਆਂਵਾਂ ਦਾ ਹੱਲ ਕਰਨ ਦੀ ਮੰਗ ਕੀਤੀ। ਇਸਤੇ ਸਬੰਧਤ ਅਧਿਕਾਰੀਆਂ ਨੂੰ ਹਦਾਇਤ ਕੀਤੀ ਗਈ ਕਿ ਬਣਦੀ ਕਾਰਵਾਈ ਅਮਲ ਵਿੱਚ ਲਿਆਂਦੀ ਜਾਵੇ।

ਸ਼੍ਰੀਮਤੀ ਸ਼ੀਲਾ ਰਾਣੀ, ਕੌਂਸਲਰ ਨੇ ਦਸਿਆ ਕਿ ਉਹਨਾਂ ਦੇ ਵਾਰਡ ਵਿੱਚ ਬਰਸਾਤਾਂ ਦੋਰਾਨ ਪਾਣੀ ਖੜ੍ਹਾ ਹੋਣ ਨਾਲ ਲੋਕਾਂ ਨੂੰ ਪਰੇਸ਼ਾਨੀਆਂ ਦਾ ਸਾਹਮਣਾ ਕਰਨਾ ਪੈਂਦਾ ਹੈ। ਉਹਨਾਂ ਇਹ ਵੀ ਦਸਿਆ ਕਿ ਉਹਨਾਂ ਦੇ ਏਰੀਏ ਵਿੱਚ ਓਵਰਬਰਿਜ ਬਣਨ ਕਾਰਨ ਸਾਰਾ ਦਿਨ ਮਿੱਟੀ ਆਸ-ਪਾਸ ਦੇ ਏਰੀਏ ਵਿੱਚ ਆਉਂਦੀ ਹੈ। ਉਹਨਾਂ ਜਲਦ ਤੋਂ ਜਲਦ ਉਕਤ ਸਮੱਸਿਆਂਵਾਂ ਦਾ ਹੱਲ ਕਰਨ ਦੀ ਮੰਗ ਕੀਤੀ। ਇਸਤੇ ਸਬੰਧਤ ਅਧਿਕਾਰੀਆਂ ਨੂੰ ਹਦਾਇਤ ਕੀਤੀ ਗਈ ਕਿ ਨਿਗਮ ਵੱਲੋਂ ਬਣਦੀ ਕਾਰਵਾਈ ਅਮਲ ਵਿੱਚ ਲਿਆਂਦੀ ਜਾਵੇ।

ਸ਼੍ਰੀ ਸੁਖਦੀਪ ਸਿੰਘ ਢਿੱਲੋਂ, ਕੌਂਸਲਰ ਨੇ ਦਸਿਆ ਕਿ ਉਹਨਾਂ ਦੇ ਵਾਰਡ ਦਾ ਸੀਵਰ ਬਲਾਕ ਹੈ। ਰੋਡ ਜਾਲੀਆਂ ਸਾਫ ਨਹੀਂ ਕੀਤੀਆਂ ਜਾ ਰਹੀਆਂ। ਪੰਜਾਬ ਵਾਟਰ ਸਪਲਾਈ ਅਤੇ ਸੀਵਰੇਜ਼ ਬੋਰਡ ਦੇ ਅਧਿਕਾਰੀਆਂ/ ਕਰਮਚਾਰੀਆਂ ਨੂੰ ਵਾਰ-ਵਾਰ ਕਹਿਣ ਦੇ ਬਾਵਜੂਦ ਉਹਨਾਂ ਵੱਲੋਂ ਜਵਾਬ ਦਿੱਤਾ ਜਾਂਦਾ ਹੈ ਕਿ ਤ੍ਰਿਵੇਣੀ ਕੰਪਨੀ ਦੇ ਕਰਮਚਾਰੀ ਨਾਂ ਤਾਂ ਮਸ਼ੀਨਾਂ ਦਿੰਦੇ ਹਨ ਅਤੇ ਨਾ ਹੀ ਕੰਮ ਕਰਦੇ ਹਨ। ਇਸਤੇ ਕਾਰਜਕਾਰੀ ਇੰਜੀਨੀਅਰ, ਪੰਜਾਬ ਵ/ਸ ਅਤੇ ਸੀਵਰੇਡ ਬੋਰਡ ਬਠਿੰਡਾ ਨੂੰ ਹਦਾਇਤ ਕੀਤੀ ਗਈ ਕਿ ਬਣਦੀ ਕਾਰਵਾਈ ਅਮਲ ਵਿੱਚ ਲਿਆਂਦੀ ਜਾਵੇ।

ਸ਼੍ਰੀਮਤੀ ਪੁਸ਼ਪਾ ਰਾਣੀ, ਕੌਂਸਲਰ ਨੇ ਕਿਹਾ ਕਿ ਉਹਨਾਂ ਦੇ ਏਰੀਏ ਦੀ ਗਲੀ ਨੰਬਰ 4-ਡੀ ਵਿੱਚ ਬਿਨਾਂ ਬਰਸਾਤ ਤੋਂ ਹੀ ਸੀਵਰ ਦਾ ਪਾਣੀ ਭਰਨ ਕਾਰਨ ਬੁਰਾ ਹਾਲ ਹੈ। ਇਹ ਸਮੱਸਿਆ ਤਕਰੀਬਨ ਪਿਛਲੇ ਇੱਕ ਸਾਲ ਤੋਂ ਬਣੀ ਹੋਈ ਹੈ। ਇਸਤੋਂ ਇਲਾਵਾ ਉਹਨਾਂ ਦੇ ਏਰੀਏ ਵਿੱਚ ਪੀਣ ਵਾਲੇ ਪਾਣੀ ਦੀ ਸਮੱਸਿਆ ਦੇ ਹੱਲ ਲਈ ਟੈਂਕੀ ਬਨਾਉਣ ਖਾਤਰ ਕਹਿਣ ਦੇ ਬਾਵਜੂਦ ਟੈਂਕੀ ਨਹੀਂ ਬਣਾਈ ਜਾ ਰਹੀ। ਇਸਤੇ ਸ਼੍ਰੀ ਗੁਰਪ੍ਰੀਤ ਸਿੰਘ, ਨਿਗਮ ਇੰਜੀਨੀਅਰ ਨੇ ਦਸਿਆ ਕਿ ਉਹਨਾਂ ਵੱਲੋਂ ਪਹਿਲਾਂ ਇਸ ਏਰੀਏ ਲਈ ਬਣੀ ਟੈਂਕੀ ਦਾ ਮੌਕਾ ਦੇਖਿਆ ਗਿਆ ਸੀ। ਇਸ ਟੈਂਕੀ ਵਿੱਚ ਤਕਰੀਬਨ 4-4 ਫੁੱਟ ਸਿਲਟ ਜਮਾਂ ਹੋਣ ਕਾਰਨ ਪਾਣੀ ਦੀ ਸਪਲਾਈ ਵਿੱਚ ਵਿਘਨ ਪੈ ਰਿਹਾ ਹੈ। ਜਲਦ ਹੀ ਸਮੱਸਿਆ ਦਾ ਹੱਲ ਕਰ ਦਿੱਤਾ ਜਾਵੇਗਾ।

ਸ਼੍ਰੀ ਹਰਵਿੰਦਰ ਸਿੰਘ, ਕੌਂਸਲਰ ਨੇ ਕਿਹਾ ਕਿ ਸ਼ਹਿਰ ਵਿੱਚ ਬੈਂਚ ਅਤੇ ਟਰੀ ਗਾਰਡ ਦੀ ਵੰਡ ਕਰਨ ਖਾਤਰ ਸਬ-ਕਮੇਟੀ ਬਨਾਉਣ ਦੀ ਮੰਗ ਕੀਤੀ।

ਸ਼੍ਰੀ ਅਸ਼ੋਕ ਕੁਮਾਰ, ਸੀਨੀਅਰ ਡਿਪਟੀ ਮੇਅਰ ਨੇ ਕਿਹਾ ਕਿ ਸਾਰੇ ਸ਼ਹਿਰ ਵਿੱਚ ਸੀਵਰੇਜ਼ ਦੀ ਸਮੱਸਿਆ ਬਣੀ ਹੋਈ ਹੈ। ਲੋਕਾਂ ਵਿੱਚ ਇਸ ਪ੍ਰਤੀ ਬਹੁਤ ਜਿਆਦਾ ਰੋਸ ਦੇਖਣ ਨੂੰ ਮਿਲ ਰਿਹਾ ਹੈ। ਉਹਨਾਂ ਕਾਰਜਕਾਰੀ ਇੰਜੀਨੀਅਰ, ਪੰਜਾਬ ਵਾਟਰ ਸਪਲਾਈ ਅਤੇ ਸੀਵਰੇਜ਼ ਬੋਰਡ ਬਠਿੰਡਾ ਨੂੰ ਕਿਹਾ ਕਿ ਉਹਨਾਂ ਵੱਲੋਂ ਆਪਣੀ ਸੁਪਰਵੀਜ਼ਨ ਵਧਾਈ ਜਾਵੇ ਤਾਂ ਜੋ ਸੀਵਰੇਜ਼ ਬਲਾਕੇਜ਼ ਸਬੰਧੀ ਆ ਰਹੀਆਂ ਸਮੱਸਿਆਂਵਾਂ ਦਾ ਜਲਦ ਤੋਂ ਜਲਦ ਹੱਲ ਕੀਤਾ ਜਾ ਸਕੇ। ਉਹਨਾਂ ਕਮਿਸ਼ਨਰ, ਨਗਰ ਨਿਗਮ ਬਠਿੰਡਾ ਜੀ ਨੂੰ ਬੇਨਤੀ ਕੀਤੀ ਕਿ ਕਾਰਜਕਾਰੀ ਇੰਜੀਨੀਅਰ, ਪੰਜਾਬ ਵਾਟਰ ਸਪਲਾਈ ਅਤੇ ਸੀਵਰੇਜ਼ ਬੋਰਡ ਪਾਸ ਦੋ ਜਿਲ੍ਹਿਆਂ ਦਾ ਚਾਰਜ਼ ਹੋਣ ਕਾਰਨ ਕੰਮਾਂ ਦੀ ਦੇਖਰੇਖ ਸਹੀ ਢੰਗ ਨਾਲ ਨਾ ਹੋਣ ਕਾਰਨ ਸਰਕਾਰ ਨੂੰ ਲਿਖਿਆ ਜਾਵੇ ਕਿ ਉਹਨਾਂ ਨੂੰ ਇੱਕ ਹੀ ਜਿਲ੍ਹੇ ਦਾ ਚਾਰਜ਼ ਦਿੱਤਾ ਜਾਵੇ।

ਸ਼੍ਰੀ ਜਸਵੀਰ ਸਿੰਘ ਜੱਸਾ, ਕੌਂਸਲਰ ਨੇ ਕਿਹਾ ਕਿ ਜਲਦ ਤੋਂ ਜਲਦ ਵਿਕਾਸ ਦੇ ਕੰਮਾਂ ਦੇ ਤਖਮੀਨੇ ਬਣਾਏ ਜਾਣ। ਸੀਵਰ ਦੇ ਢੱਕਣ ਅਤੇ ਰੋਡ ਜਾਲੀਆਂ ਜਿਸ ਵੀ ਜਗ੍ਹਾ ਲੱਗਣ ਵਾਲੇ ਹਨ, ਉਹ ਲਗਾਏ ਜਾਣ।ਇਸਤੇ ਸਬੰਧਤ ਅਧਿਕਾਰੀਆਂ ਨੂੰ ਹਦਾਇਤ ਕੀਤੀ ਗਈ ਕਿ ਬਣਦੀ ਕਾਰਵਾਈ ਅਮਲ ਵਿੱਚ ਲਿਆਂਦੀ ਜਾਵੇ।

ਸ਼੍ਰੀ ਹਰਮੰਦਰ ਸਿੰਘ, ਡਿਪਟੀ ਮੇਅਰ ਨੇ ਦਸਿਆ ਕਿ ਨਗਰ ਨਿਗਮ ਵੱਲੋਂ ਜਿੰਨ੍ਹੇ ਵੀ ਟੈਂਡਰ ਲਗਾਏ ਗਏ ਹਨ, ਉਹਨਾਂ ਦੇ ਵਰਕ ਆਰਡਰ ਜਾਰੀ ਕੀਤੇ ਜਾ ਚੁੱਕੇ ਹਨ। ਪਰੰਤੂ ਕਮਿਸ਼ਨਰ, ਨਗਰ ਨਿਗਮ ਬਠਿੰਡਾ ਜੀ ਕਹਿ ਰਹੇ ਹਨ ਕਿ ਫੰਡਾਂ ਨੂੰ ਦੇਖਦੇ ਹੋਏ ਤਕਰੀਬਨ 1.00 ਕਰੋੜ ਰੁਪਏ ਦੇ ਕੰਮ ਹੀ ਕਰਾਏ ਜਾ ਸਕਦੇ ਹਨ। ਇਸ ਨਾਲ ਹਰ ਵਾਰਡ ਲਈ ਸਿਰਫ 2-2 ਲੱਖ ਰੁਪਏ ਦੇ ਵਿਕਾਸ ਦੇ ਕੰਮ ਹੀ ਹੋ ਸਕਦੇ ਹਨ।

ਸ਼੍ਰੀ ਸੁਖਦੀਪ ਸਿੰਘ ਢਿੱਲੋਂ, ਕੌਂਸਲਰ ਨੇ ਦਸਿਆ ਕਿ ਉਹਨਾਂ ਦੇ ਵਾਰਡ ਦੇ ਸੁੱਚਾ ਸਿੰਘ ਨਗਰ ਦੀ ਗਲੀ ਨੰਬਰ 14 ਵਿਖੇ ਪਿਛਲੇ ਡੇਢ ਸਾਲ ਤੋਂ ਜੋ ਪਾਈਪ ਪਾਈ ਗਈ ਹੈ, ਉਸਦੀ ਸਲੋਪ ਚੈਕ ਕੀਤੀ ਜਾਵੇ ਤਾਂ ਜੋ ਨਿਕਾਸੀ ਵਿੱਚ ਕੋਈ ਦਿੱਕਤ ਨਾ ਆਵੇ। ਇਸਤੇ ਪੰਜਾਬ ਵਾਟਰ ਸਪਲਾਈ ਅਤੇ ਸੀਵਰੇਜ਼ ਬੋਰਡ ਦੇ ਅਧਿਕਾਰੀਆਂ ਨੂੰ ਹਦਾਇਤ ਕੀਤੀ ਗਈ ਕਿ ਉਕਤ ਸਮੱਸਿਆ ਦਾ ਜਲਦ ਹੀ ਬਣਦਾ ਹੱਲ ਕੀਤਾ ਜਾਵੇ।

ਸ਼੍ਰੀ ਬੇਅੰਤ ਸਿੰਘ ਰੰਧਾਵਾ, ਕੌਂਸਲਰ ਨੇ ਕਿਹਾ ਕਿ ਨਹਿਰ ਦੇ ਪੁੱਲ ਤੇ ਵਾਟਰ ਸਪਲਾਈ ਦੀ ਲੀਕੇਜ਼ ਹੋ ਰਹੀ ਹੈ, ਜਲਦ ਤੋਂ ਜਲਦ ਠੀਕ ਕੀਤੀ ਜਾਵੇ। ਇਸਤੇ ਪੰਜਾਬ ਵਾਟਰ ਸਪਲਾਈ ਅਤੇ ਸੀਵਰੇਜ਼ ਬੋਰਡ ਦੇ ਅਧਿਕਾਰੀਆਂ ਨੂੰ ਹਦਾਇਤ ਕੀਤੀ ਗਈ ਕਿ ਉਕਤ ਸਮੱਸਿਆ ਦਾ ਹੱਲ ਕੀਤਾ ਜਾਵੇ।

ਸ਼੍ਰੀ ਆਤਮਾ ਸਿੰਘ, ਕੌਂਸਲਰ ਨੇ ਕਿਹਾ ਕਿ ਬੀੜ ਰੋਡ ਤੇ ਸੀਵਰ ਨਾ ਹੋਣ ਕਾਰਨ ਸਾਰਾ ਪਾਣੀ ਲੋਕਾਂ ਦੇ ਘਰਾਂ ਵਿੱਚ ਆ ਜਾਂਦਾ ਹੈ। ਉਹਨਾਂ ਜਲਦ ਤੋਂ ਜਲਦ ਸਮੱਸਿਆ ਦਾ ਹੱਲ ਕਰਨ ਦੀ ਮੰਗ ਕੀਤੀ। ਇਸਤੇ ਪੰਜਾਬ ਵਾਟਰ ਸਪਲਾਈ ਅਤੇ ਸੀਵਰੇਜ਼ ਬੋਰਡ ਦੇ ਅਧਿਕਾਰੀਆਂ ਨੂੰ ਹਦਾਇਤ ਕੀਤੀ ਗਈ ਕਿ ਉਕਤ ਸਮੱਸਿਆ ਦਾ ਹੱਲ ਕਰਨ ਲਈ ਲੋੜੀਂਦੇ ਕਦਮ ਚੁੱਕੇ ਜਾਣ।

ਸ਼੍ਰੀ ਸੁਖਰਾਜ ਸਿੰਘ ਔਲਖ, ਕੌਂਸਲਰ ਨੇ ਕਿਹਾ ਕਿ ਮੁਲਤਾਨੀਆ ਰੋਡ ਤੇ ਵੀ ਸੀਵਰ ਨਾ ਹੋਣ ਕਾਰਨ ਪਾਣੀ ਘਰਾਂ ਵਿੱਚ ਆਉਣ ਦੀ ਸਮੱਸਿਆ ਬਣੀ ਹੋਈ ਹੈ। ਉਹਨਾਂ ਵੀ ਜਲਦ ਤੋਂ ਜਲਦ ਉਕਤ ਸਮੱਸਿਆ ਦਾ ਹੱਲ ਕਰਨ ਦੀ ਮੰਗ ਕੀਤੀ। ਇਸਤੇ ਪੰਜਾਬ ਵਾਟਰ ਸਪਲਾਈ ਅਤੇ ਸੀਵਰੇਜ਼ ਬੋਰਡ ਦੇ ਅਧਿਕਾਰੀਆਂ ਨੂੰ ਹਦਾਇਤ ਕੀਤੀ ਗਈ ਕਿ ਉਕਤ ਸਮੱਸਿਆ ਦਾ ਹੱਲ ਕਰਨ ਲਈ ਲੋੜੀਂਦੇ ਕਦਮ ਚੁੱਕੇ ਜਾਣ।

ਸ਼੍ਰੀ ਬਲਜੀਤ ਸਿੰਘ ਸਰਾਂ, ਕੌਂਸਲਰ ਨੇ ਦਸਿਆ ਕਿ ਸ਼ਹਿਰ ਦੀ ਹੱਦਬੰਦੀ ਵਧਾਉਣ ਲਈ ਨਗਰ ਨਿਗਮ ਵੱਲੋਂ ਮਤਾ ਪਾਸ ਕੀਤਾ ਗਿਆ ਸੀ। ਇਸ ਸਬੰਧੀ ਸਬ-ਕਮੇਟੀ ਵੀ ਬਣਾਈ ਗਈ ਸੀ। ਪਰੰਤੂ ਸਬ-ਕਮੇਟੀ ਦੀ ਰਿਪੋਰਟ ਬਿਨਾਂ ਹਾਊਸ ਨੂੰ ਜਾਣੂ ਕਰਵਾਏ ਸਿੱਧੇ ਤੋਰ ਤੇ ਹੀ ਡਾਇਰੈਕਟਰ, ਸਥਾਨਕ ਸਰਕਾਰ ਵਿਭਾਗ, ਪੰਜਾਬ ਚੰਡੀਗੜ੍ਹ ਜੀ ਪਾਸ ਭੇਜ ਦਿੱਤੀ ਗਈ। ਇਸ ਬਾਰੇ ਡਾਇਰੈਕਟਰ, ਸਥਾਨਕ ਸਰਕਾਰ ਵਿਭਾਗ, ਪੰਜਾਬ ਚੰਡੀਗੜ੍ਹ ਜੀ ਵੱਲੋਂ ਉਕਤ ਸਬੰਧੀ ਇਤਰਾਜ਼ ਲਗਾਉਣ ਤੇ ਪਤਾ ਚਲਿਆ ਹੈ। ਉਹਨਾਂ ਬਿਨਾਂ ਹਾਊਸ ਦੀ ਮੰਨਜ਼ੂਰੀ ਤੋਂ ਸਿੱਧਾ ਡਾਇਰੈਕਟਰ, ਸਥਾਨਕ ਸਰਕਾਰ ਵਿਭਾਗ, ਪੰਜਾਬ ਚੰਡੀਗੜ੍ਹ ਜੀ ਪਾਸ ਜਵਾਬ ਨਾਂ ਭੇਜਣ ਲਈ ਕਿਹਾ। ਇਸਤੇ ਸ੍ਰ: ਹਰਮੰਦਰ ਸਿੰਘ, ਡਿਪਟੀ ਮੇਅਰ ਨੇ ਕਿਹਾ ਕਿ ਹਾਊਸ ਦੀ ਪ੍ਰਵਾਨਗੀ ਤੋਂ ਬਿਨਾਂ ਇਸ ਸਬੰਧੀ ਕੋਈ ਵੀ ਜਵਾਬ ਦਫਤਰ ਵੱਲੋਂ ਸਿੱਧੇ ਤੋਰ ਤੇ ਡਾਇਰੈਕਟਰ, ਸਥਾਨਕ ਸਰਕਾਰ ਵਿਭਾਗ, ਪੰਜਾਬ ਚੰਡੀਗੜ੍ਹ ਜੀ ਪਾਸ ਨਾ ਭੇਜਿਆ ਜਾਵੇ। ਇਸਤੇ ਸ਼੍ਰੀ ਗੁਰਪ੍ਰੀਤ ਸਿੰਘ, ਨਿਗਮ ਇੰਜੀਨੀਅਰ ਨੇ ਦਸਿਆ ਕਿ ਇਸ ਸਬੰਧੀ ਨਿਯਮਾਂ ਅਨੁਸਾਰ ਹਾਊਸ ਦੀ ਪ੍ਰਵਾਨਗੀ ਲੈਣ ਉਪਰੰਤ ਹੀ ਕਾਰਵਾਈ ਕੀਤੀ ਜਾਵੇਗੀ।

ਸ਼੍ਰੀ ਬਲਜੀਤ ਸਿੰਘ ਸਰਾਂ, ਕੌਂਸਲਰ ਨੇ ਦਸਿਆ ਕਿ ਬੀ.ਡੀ.ਏ ਵੱਲੋਂ ਅਣ-ਅਧਿਕਾਰਤ ਉਸਾਰੀਆਂ ਨੂੰ ਗਿਰਾਇਆ ਜਾ ਰਿਹਾ ਹੈ। ਉਹਨਾਂ ਇਹ ਵੀ ਦਸਿਆ ਕਿ ਬੀ.ਡੀ.ਏ ਵੱਲੋਂ ਜਲਦ ਹੀ ਉਸ ਜਗ੍ਹਾ ਕੋਈ ਨਵੀਂ ਕਲੋਨੀ ਵਿਕਸਿਤ ਕੀਤੀ ਜਾਵੇਗੀ। ਇਹ ਨਵੀਂ ਕਲੋਨੀ ਉਸ ਜਗ੍ਹਾ ਤੇ ਭਰਤ ਪਾ ਕੇ ਉੱਚੀ ਕਰਕੇ ਬਣਾਈ ਜਾਵੇਗੀ। ਇਸ ਨਾਲ ਆਸਪਾਸ ਦੇ ਖੇਤਰਾਂ ਜਿਵੇਂ ਕਿ ਪਾਵਰ ਹਾਊਸ ਰੋਡ, ਸ਼ਾਂਤ ਨਗਰ, ਭਾਗੂ ਰੋਡ, ਅਜੀਤ ਰੋਡ, ਸ਼ਿਵ ਕਲੋਨੀ ਅਤੇ ਹੋਰ ਆਸ-ਪਾਸ ਦੇ ਏਰੀਏ ਦਾ ਬਰਸਾਤਾਂ ਦੋਰਾਨ ਡੁੱਬਣ ਦਾ ਖਤਰਾ ਬਣ ਜਾਵੇਗਾ। ਉਹਨਾਂ ਮੰਗ ਕੀਤੀ ਕਿ ਇਸ ਸਬੰਧੀ ਨਗਰ ਨਿਗਮ ਵੱਲੋਂ ਮਤਾ ਪਾਸ ਕੀਤਾ ਜਾਵੇ ਕਿ ਕੋਈ ਵੀ ਕਲੋਨੀ ਬਿਨਾਂ ਨਗਰ ਨਿਗਮ ਦੀ ਸਹਿਮਤੀ ਲਏ ਨਾ ਬਣਾਈ ਜਾਵੇ। ਇਸ ਸਬੰਧੀ ਕੋਈ ਵੀ ਫੈਸਲਾ ਲੈਣ ਖਾਤਰ ਨਗਰ ਨਿਗਮ ਦੇ ਚੁਣੇ ਹੋਏ ਨੁਮਾਇੰਦੇ ਸ਼ਾਮਲ ਕੀਤੇ ਜਾਣ। ਇਸਤੇ ਨਿਗਮ ਇੰਜੀਨੀਅਰ, ਨਗਰ ਨਿਗਮ ਬਠਿੰਡਾ ਨੂੰ ਹਦਾਇਤ ਕੀਤੀ ਗਈ ਕਿ ਬੀ.ਡੀ.ਏ ਨਾਲ ਤਾਲਮੇਲ ਕਰਕੇ ਨਿਗਮ ਵੱਲੋਂ ਬਣਦੀ ਕਾਰਵਾਈ ਕੀਤੀ ਜਾਵੇ।

ਸ਼੍ਰੀ ਬਲਜੀਤ ਸਿੰਘ ਸਰਾਂ, ਕੌਂਸਲਰ ਨੇ ਕਿਹਾ ਕਿ ਕੇ-ਪੁਆਇੰਟ ਤੇ ਨਗਰ ਨਿਗਮ ਵੱਲੋਂ 48" ਪਾਈਪ ਪਾਈ ਗਈ ਹੈ, ਜਦਕਿ ਮੋਟਰਾਂ ਲਗਾਉਣ ਵਿੱਚ ਦੇਰੀ ਕੀਤੀ ਜਾ ਰਹੀ ਹੈ। ਉਹਨਾਂ ਜਲਦ ਤੋਂ ਜਲਦ ਮੋਟਰਾਂ ਲਗਾਉਣ ਦੀ ਮੰਗ ਕੀਤੀ। ਇਸਤੇ ਸ਼੍ਰੀ ਕਿਸ਼ੋਰ ਬਾਂਸਲ, ਨਿਗਰਾਨ ਇੰਜੀਨੀਅਰ ਨੇ ਦਸਿਆ ਕਿ ਇਸ ਸਬੰਧੀ ਪਹਿਲਾਂ ਹੀ ਏਜੰਡਾ ਵਿੱਤ ਅਤੇ ਠੇਕਾ ਕਮੇਟੀ ਪਾਸ ਭੇਜ ਦਿੱਤਾ ਗਿਆ ਹੈ। ਮੋਟਰਾਂ ਲਗਾਉਣ ਦਾ ਕੰਮ ਪ੍ਰਗਤੀ ਅਧੀਨ ਹੈ।

ਸ਼੍ਰੀ ਹਰਪਾਲ ਸਿੰਘ ਢਿੱਲੋਂ, ਕੌਂਸਲਰ ਨੇ ਦਸਿਆ ਕਿ ਬੀਬੀ ਵਾਲਾ ਰੋਡ ਤੇ ਗਲੀ ਨੰਬਰ 3 ਵਿਖੇ ਪਾਰਕ ਦਾ ਡਿਸਪਿਊਟ ਚੱਲ ਰਿਹਾ ਹੈ। ਇਸ ਜਗ੍ਹਾ ਕੂੜ੍ਹੇ ਦਾ ਡੰਪ ਬਣਿਆ ਹੋਇਆ ਹੈ। ਇਸ ਪਾਰਕ ਵਿੱਚ ਲੋਕ ਸੈਰ ਕਰਨ ਲਈ ਆਉਂਦੇ ਹਨ। ਡੰਪ ਹੋਣ ਕਾਰਨ ਬੀਮਾਰੀਆਂ ਲੱਗਣ ਦਾ ਖਤਰਾ ਬਣਿਆ ਰਹਿੰਦਾ ਹੈ। ਉਹਨਾਂ ਇਸ ਕੂੜ੍ਹੇ ਦੇ ਡੰਪ ਨੂੰ ਜਲਦ ਤੋਂ ਜਲਦ ਕਿਤੇ ਹੋਰ ਕਰਨ ਦੀ ਮੰਗ ਕੀਤੀ। ਇਸਤੇ ਨਿਗਰਾਨ ਇੰਜੀਨੀਅਰ ਨੇ ਦਸਿਆ ਕਿ ਇਸ ਜਗ੍ਹਾ

ਮਾਨਯੋਗ ਅਦਾਲਤ ਵੱਲੋਂ ਸਟੇਅ ਪ੍ਰਾਪਤ ਹੈ। ਇਸ ਸਬੰਧੀ ਨਗਰ ਨਿਗਮ ਦੇ ਕਾਨੂੰਨੀ ਸਲਾਹਕਾਰ ਨਾਲ ਰਾਏ ਕਰਕੇ ਬਣਦੀ ਕਾਰਵਾਈ ਅਮਲ ਵਿੱਚ ਲਿਆਂਦੀ ਜਾਵੇਗੀ।

ਹਾਊਸ ਵਿੱਚ ਮੋਜੂਦ ਸਮੂਹ ਕੌਂਸਲਰ ਸਾਹਿਬਾਨ ਨੇ ਦਸਿਆ ਕਿ ਡਿਪਟੀ ਕਮਿਸ਼ਨਰ, ਬਠਿੰਡਾ ਜੀ ਨੇ ਕੂਲੈਕਟਰ ਰੇਟਾਂ ਵਿੱਚ ਬਹੁਤ ਜਿਆਦਾ ਵਾਧਾ ਕਰ ਦਿੱਤਾ ਗਿਆ ਹੈ। ਉਹਨਾਂ ਵੱਲੋਂ ਮੰਗ ਕੀਤੀ ਗਈ ਕਿ ਇਸ ਸਬੰਧੀ ਪੰਜਾਬ ਸਰਕਾਰ ਪਾਸ ਮਤਾ ਪਾ ਕੇ ਕੂਲੈਕਟਰ ਰੇਟ ਘੱਟ ਕਰਾਉਣ ਸਬੰਧੀ ਕਾਰਵਾਈ ਕੀਤੀ ਜਾਵੇ।

ਸ਼੍ਰੀ ਹਰਪਾਲ ਸਿੰਘ ਢਿੱਲੋਂ, ਕੌਂਸਲਰ ਨੇ ਕਿਹਾ ਕਿ ਡੀ.ਏ.ਵੀ ਕਾਲਜ ਦੇ ਸਾਹਮਣੇ ਪਾਣੀ ਦੀ ਪਾਈਪ ਟੋਭੇ ਵਿੱਚ ਪਾ ਕੇ ਬਰਸਾਤੀ ਪਾਣੀ ਦੀ ਨਿਕਾਸੀ ਦਾ ਹੱਲ ਕੀਤਾ ਜਾਵੇ। ਇਸਤੇ ਸ਼੍ਰੀ ਕਿਸ਼ੋਰ ਬਾਂਸਲ, ਨਿਗਰਾਨ ਇੰਜੀਨੀਅਰ ਨੇ ਦਸਿਆ ਕਿ ਇਸ ਜਗ੍ਹਾ ਪਹਿਲਾਂ ਹੀ 12" ਪਾਈਪ ਪਾਈ ਹੋਈ ਹੈ। ਇਸ ਸਬੰਧੀ ਮੌਕਾ ਦੇਖ ਕੇ ਨਿਕਾਸੀ ਸਬੰਧੀ ਆ ਰਹੀ ਸਮੱਸਿਆ ਦਾ ਹੱਲ ਕਰ ਦਿੱਤਾ ਜਾਵੇਗਾ।

ਸ੍ਰੀ ਹਰਪਾਲ ਸਿੰਘ ਢਿੱਲੋਂ, ਕੌਂਸਲਰ ਨੇ ਦਸਿਆ ਕਿ ਦਾਦੀ ਪੋਤੀ ਪਾਰਕ ਵਿਖੇ ਬਣੇ ਬਾਥਰੂਮ ਵਿੱਚ ਸਫਾਈ ਦਾ ਬੁਰਾ ਹਾਲ ਹੈ। ਬਾਥਰੂਮ ਦੇ ਉਪਰ ਬਣੀ ਟੈਂਕੀ ਵਿੱਚੋਂ ਰੋਜ਼ਾਨਾ ਲੱਖਾਂ ਲੀਟਰ ਪਾਣੀ ਡੁਲਦਾ ਰਹਿੰਦਾ ਹੈ। ਇਸਤੋਂ ਇਲਾਵਾ ਇਸ ਪਾਰਕ ਦੇ ਸਾਹਮਣੇ 8x8 ਦਾ ਖੱਡਾ ਹੈ, ਜਿਸ ਨਾਲ ਹਾਦਸਾ ਹੋਣ ਦਾ ਖਤਰਾ ਬਣਿਆ ਹੋਇਆ ਹੈ। ਉਹਨਾਂ ਜਲਦ ਤੋਂ ਜਲਦ ਉਕਤ ਸਮੱਸਿਆਂਵਾਂ ਦਾ ਹੱਲ ਕਰਨ ਦੀ ਮੰਗ ਕੀਤੀ। ਇਸਤੇ ਸਬੰਧਤ ਨਿਗਮ ਇੰਜੀਨੀਅਰ ਨੂੰ ਹਦਾਇਤ ਕੀਤੀ ਗਈ ਕਿ ਜਲਦ ਹੀ ਉਕਤ ਸਮੱਸਿਆ ਦਾ ਹੱਲ ਕੀਤਾ ਜਾਵੇ।

ਸ਼੍ਰੀ ਮੱਖਣ ਸਿੰਘ, ਕੌਂਸਲਰ ਨੇ ਦਸਿਆ ਕਿ ਮਹਿਣਾ ਬਸਤੀ ਵਿਖੇ ਸੀਵਰ ਦੀ ਡੀ-ਸਿਲਟਿੰਗ ਹੋਣ ਵਾਲੀ ਹੈ। ਇਸਤੋਂ ਇਲਾਵਾ ਸੜ੍ਹਕਾਂ ਦੀਆਂ ਸਾਈਡਾਂ ਕੱਚੀਆਂ ਹਨ, ਉਹਨਾਂ ਨੂੰ ਪੱਕਾ ਕੀਤਾ ਜਾਵੇ। ਅੰਡਰਬਰਿਜ਼ ਦੇ ਥੱਲੇ ਖੜ੍ਹੇ ਹੋਣ ਵਾਲੇ ਬਰਸਾਤੀ ਪਾਣੀ ਦੀ ਨਿਕਾਸੀ ਦਾ ਕੋਈ ਹੱਲ ਲੱਭਿਆ ਜਾਵੇ। ਉਹਨਾਂ ਇਹ ਵੀ ਦਸਿਆ ਕਿ ਗਲੀ ਨੰਬਰ 3 ਵਿਖੇ ਸੀਵਰ ਬਲਾਕ ਹੋਣ ਕਾਰਨ ਪਾਣੀ ਖੜ੍ਹਾ ਹੈ। ਉਹਨਾਂ ਜਲਦ ਤੋਂ ਸਮੱਸਿਆਵਾਂ ਦਾ ਹੱਲ ਕਰਨ ਦੀ ਮੰਗ ਕੀਤੀ। ਇਸਤੇ ਸਬੰਧਤ ਅਧਿਕਾਰੀਆਂ ਨੂੰ ਹਦਾਇਤ ਕੀਤੀ ਗਈ ਕਿ ਇਸ ਸਬੰਧੀ ਬਣਦੀ ਕਾਰਵਾਈ ਕੀਤੀ ਜਾਵੇ।

ਸ਼੍ਰੀ ਸੁਰੇਸ਼ ਚੋਹਾਨ, ਕੌਂਸਲਰ ਨੇ ਉਹਨਾਂ ਦੇ ਏਰੀਏ ਵਿੱਚ ਤਕਰੀਬਨ 95.00 ਕਰੋੜ੍ਹ ਰੁਪਏ ਦੀ ਲਾਗਤ ਨਾਲ ਬਣਨ ਜਾ ਰਹੇ ਓਵਰਬਰਿਜ਼ ਅਤੇ ਇਲਾਕੇ ਵਿੱਚ ਸਰਕਾਰੀ ਸਕੂਲਾਂ ਦੀ ਦਸ਼ਾ ਸੁਧਾਰਨ ਲਈ ਸ੍ਰ: ਮਨਪ੍ਰੀਤ ਸਿੰਘ ਬਾਦਲ, ਸਾਬਕਾ ਵਿੱਤ ਮੰਤਰੀ ਪੰਜਾਬ ਜੀ ਦਾ ਧੰਨਵਾਦ ਕੀਤਾ। ਉਹਨਾਂ ਕਿਹਾ ਕਿ ਸ਼ਹਿਰ ਦਾ ਸਾਰਾ ਗੰਦਾ ਪਾਣੀ ਸੰਜੇ ਨਗਰ ਟੋਭੇ ਵਿੱਚ ਜਾਂਦਾ ਹੈ। ਉਹਨਾਂ ਮੋਟਰਾਂ ਲਗਾ ਕੇ ਗੰਦੇ ਪਾਣੀ ਦੀ ਨਿਕਾਸੀ ਅਤੇ ਟੋਭੇ ਦਾ ਸੁੰਦਰੀਕਰਨ ਕਰਨ ਦੀ ਮੰਗ ਕੀਤੀ ਤਾਂ ਜੋ ਲੋਕ ਉੱਥੇ ਸੈਰ ਕਰ ਸਕਣ। ਉਹਨਾਂ ਇਹ ਵੀ ਦਸਿਆ ਕਿ ਸੰਜੇ ਨਗਰ ਗਲੀ ਨੰਬਰ 20 ਅਤੇ ਸਲਾਟਰ ਹਾਊਸ ਦੀ ਬੈਕਸਾਇਡ ਵਾਲੀ ਗਲੀ ਵਿੱਚ ਸੀਵਰ ਪੈਣਾ ਬਾਕੀ ਹੈ। ਇਸਤੋਂ ਇਲਾਵਾ ਆਵਾ ਬਸਤੀ ਦੀ ਗਲੀ ਨੰਬਰ 2 ਅਤੇ 3 ਵਿੱਚ ਪਾਣੀ ਦੀ ਪਾਈਪ ਪੈਣਾ ਬਾਕੀ ਹੈ। ਉਹਨਾਂ ਜਲਦ ਤੋਂ ਜਲਦ ਬਣਦੇ ਕੰਮ ਕਰਨ ਦੀ ਮੰਗ ਕੀਤੀ। ਇਸਤੇ ਸਬੰਧਤ ਅਧਿਕਾਰੀਆਂ ਨੂੰ ਹਦਾਇਤ ਕੀਤੀ ਗਈ ਕਿ ਬਣਦੀ ਕਾਰਵਾਈ ਅਮਲ ਵਿੱਚ ਲਿਆਂਦੀ ਜਾਵੇ।

ਸ਼੍ਰੀ ਬਲਰਾਜ ਸਿੰਘ, ਕੌਂਸਲਰ ਨੇ ਕਿਹਾ ਕਿ ਨਗਰ ਨਿਗਮ ਵੱਲੋਂ ਐਨ.ਓ.ਸੀ. ਲੈਣ ਖਾਤਰ ਅਸ਼ਟਾਮ ਤਸਦੀਕ ਕਰਵਾਉਣ ਲਈ ਕਿਹਾ ਜਾਂਦਾ ਹੈ। ਇਸ ਨਾਲ ਲੋਕਾਂ ਨੂੰ ਪਰੇਸ਼ਾਨੀਆਂ ਦਾ ਸਾਹਮਣਾ ਕਰਨਾ ਪੈਂਦਾ ਹੈ। ਉਹਨਾਂ ਮੰਗ ਕੀਤੀ ਕਿ ਅਜਿਹਾ ਨਾ ਕੀਤਾ ਜਾਵੇ।

ਸ਼੍ਰੀ ਇੰਦਰਜੀਤ ਸਿੰਘ, ਕੌਂਸਲਰ ਨੇ ਕਿਹਾ ਕਿ ਉਹਨਾਂ ਦੇ ਵਾਰਡ ਵਿੱਚ ਕੁੱਝ ਮੇਨਹੋਲ ਸੜ੍ਹਕ ਦੇ ਲੇਵਲ ਦੇ ਬਰਾਰਬ ਕਰਨ ਦੀ ਲੋੜ੍ਹ ਹੈ। ਇਸਤੇ ਨਿਗਮ ਇੰਜੀਨੀਅਰ ਨੂੰ ਹਦਾਇਤ ਕੀਤੀ ਗਈ ਕਿ ਬਣਦੀ ਕਾਰਵਾਈ ਅਮਲ ਵਿੱਚ ਲਿਆਂਦੀ ਜਾਵੇ।

ਸੰਤੋਸ਼ ਕੁਮਾਰੀ ਮਹੰਤ, ਕੌਂਸਲਰ ਨੇ ਕਿਹਾ ਕਿ ਕੈਨਾਲ ਕਲੋਨੀ ਦਾ ਸੀਵਰ ਪੁਰਾਣਾ ਹੋਣ ਕਾਰਨ ਅਕਸਰ ਹੀ ਜਾਮ ਰਹਿੰਦਾ ਹੈ। ਇਸਤੋਂ ਇਲਾਵਾ ਉੱਥੇ ਢੱਕਣ ਨਹੀਂ ਲੱਗੇ, ਬਲਕਿ ਪੱਥਰ ਲਗਾ ਕੇ ਮੇਨਹੋਲ ਬੰਦ ਕੀਤੇ ਹੋਏ ਹਨ। ਉਹਨਾਂ ਗਲੀ ਨੰਬਰ 2, 3 ਧਾਤਾ ਰਾਮ ਬਾਗ ਅਤੇ ਕੈਨਾਲ ਕਲੋਨੀ ਵਿਖੇ ਪੱਥਰ ਹਟਾ ਕੇ ਸੀਵਰ ਦੇ ਢੱਕਣ ਲਗਾਉਣ ਦੀ ਮੰਗ ਕੀਤੀ। ਇਸਤੇ ਪੰਜਾਬ ਵ/ਸ ਅਤੇ ਸੀਵਰੇਜ਼ ਬੋਰਡ ਦੇ ਅਧਿਕਾਰੀਆਂ ਨੂੰ ਹਦਾਇਤ ਕੀਤੀ ਗਈ ਕਿ ਉਕਤ ਸਬੰਧੀ ਬਣਦੀ ਕਾਰਵਾਈ ਕੀਤੀ ਜਾਵੇ।

ਸ੍ਰੀਮਤੀ ਸ਼ੈਰੀ ਗੋਇਲ, ਕੌਂਸਲਰ ਨੇ ਕਿਹਾ ਕਿ ਵਾਰਡ ਵਿੱਚ ਆਵਾਰਾ ਪਸ਼ੂਆਂ ਅਤੇ ਕੁੱਤਿਆਂ ਤੋਂ ਆ ਰਹੀ ਸਮੱਸਿਆ ਤੋਂ ਨਿਜ਼ਾਤ ਦਿਵਾਈ ਜਾਵੇ। ਉਹਨਾਂ ਸੁਝਾਅ ਦਿੱਤਾ ਕਿ ਆਵਾਰਾ ਕੁੱਤਿਆਂ ਤੋਂ ਆ ਰਹੀ ਸਮੱਸਿਆ ਦੇ ਹੱਲ ਲਈ ਕਿਸੇ ਸੰਸਥਾਂ/ਐਨ.ਜੀ.ਓ ਨਾਲ ਤਾਲਮੇਲ ਕਰਕੇ ਨਿਗਮ ਦੀਆਂ ਵੱਖ-ਵੱਖ ਸ਼ਾਝੀਆਂ ਥਾਵਾਂ ਤੇ ਡੋਗ ਸ਼ੈਲਟਰ ਹੋਮ ਬਨਾਉਣ ਦੇ ਉਪਰਾਲੇ ਕੀਤੇ ਜਾਣ। ਇਸਤੇ ਕਮਿਸ਼ਨਰ, ਨਗਰ ਨਿਗਮ ਬਠਿੰਡਾ ਜੀ ਨੇ ਇਸ ਸਬੰਧੀ ਜਲਦ ਹੀ ਢੁਕਵੀਂ ਕਾਰਵਾਈ ਕਰਨ ਦਾ ਆਸ਼ਵਾਸਨ ਦਿੱਤਾ।

ਸ਼੍ਰੀਮਤੀ ਅਮਨਦੀਪ ਕੋਰ, ਕੌਂਸਲਰ ਨੇ ਆਪਣੇ ਵਾਰਡ ਵਿੱਚ ਸਫਾਈ ਅਤੇ ਸਟਰੀਟ ਲਾਈਟ ਦੀ ਸਮੱਸਿਆ ਦਾ ਹੱਲ ਕਰਨ ਦੀ ਮੰਗ ਕੀਤੀ। ਇਸਤੇ ਨਿਗਮ ਇੰਜੀਨੀਅਰ ਨੂੰ ਹਦਾਇਤ ਕੀਤੀ ਗਈ ਕਿ ਜਲਦ ਹੀ ਸਮੱਸਿਆ ਦਾ ਹੱਲ ਕੀਤਾ ਜਾਵੇ।

ਸ਼੍ਰੀਮਤੀ ਮਮਤਾ ਰਾਣੀ, ਕੌਂਸਲਰ ਨੇ ਦਸਿਆ ਕਿ ਉਹਨਾਂ ਦੇ ਵਾਰਡ ਵਿਖੇ ਜਨਤਾ ਨਗਰ ਦੀ ਗਲੀ ਨੰਬਰ 1 ਅਤੇ 2 ਵਿੱਚ ਪਾਣੀ ਖੜ੍ਹੇ ਹੋਣ ਦੀ ਸਮੱਸਿਆ ਬਣੀ ਹੋਈ ਹੈ। ਉਹਨਾਂ ਇਸ ਸਮੱਸਿਆ ਤੋਂ ਨਿਜ਼ਾਤ ਦਿਵਾਉਣ ਦੀ ਮੰਗ ਕੀਤੀ। ਇਸਤੇ ਪੰਜਾਬ ਵ/ਸ ਅਤੇ ਸੀਵਰੇਜ਼ ਬੋਰਡ ਦੇ ਅਧਿਕਾਰੀਆਂ ਨੂੰ ਹਦਾਇਤ ਕੀਤੀ ਗਈ ਕਿ ਜਲਦ ਹੀ ਸਮੱਸਿਆ ਦਾ ਹੱਲ ਕੀਤਾ ਜਾਵੇ।

ਸ਼੍ਰੀਮਤੀ ਕਮਲਜੀਤ ਕੋਰ, ਕੌਂਸਲਰ ਨੇ ਮੰਗ ਕੀਤੀ ਕਿ ਏਕਤਾ ਕਲੋਨੀ ਵਿੱਚ ਪੀ.ਸੀ. ਪਵਾਈ ਜਾਵੇ ਅਤੇ ਕਾਲੀਆ ਵਕੀਲ ਵਾਲੀਆਂ 5 ਗਲੀਆਂ ਵਿੱਚ ਇੰਟਰਲਾਕਿੰਗ ਟਾਇਲਾਂ ਲਗਵਾਈਆਂ ਜਾਣ। ਇਸਤੇ ਸਬੰਧਤ ਅਧਿਕਾਰੀਆਂ ਨੂੰ ਹਦਾਇਤ ਕੀਤੀ ਗਈ ਕਿ ਨਿਗਮ ਵੱਲੋਂ ਬਣਦੀ ਕਾਰਵਾਈ ਕੀਤੀ ਜਾਵੇ।

ਸ਼੍ਰੀਮਤੀ ਉਸ਼ਾ ਗੋਇਲ, ਕੌਂਸਲਰ ਨੇ ਮੰਗ ਕੀਤੀ ਕਿ ਮਹਿਣਾ ਚੌਂਕ ਵਿਖੇ ਬਣੇ ਪਾਰਕ ਦੀ ਸਫਾਈ ਕਰਵਾਈ ਜਾਵੇ ਅਤੇ ਇਸ ਜਗ੍ਹਾ ਝੂਲੇ ਲਗਵਾਏ ਜਾਣ। ਇਸਤੋਂ ਇਲਾਵਾ ਬੰਗੀ ਹਾਊਸ ਵਾਲੀ ਗਲੀ ਵਿੱਚ ਲੁੱਕ ਪਾਉਣ ਨਾਲ ਸੀਵਰ ਦੇ ਜੋ ਢੱਕਣ ਲੁੱਕ ਗਏ ਹਨ, ਉਹ ਬਾਹਰ ਕੱਢੇ ਜਾਣ। ਕਿਲਾ ਸਾਹਿਬ ਦੇ ਸਾਹਮਣੇ ਜਲਦ ਤੋਂ ਜਲਦ ਪਾਰਕ ਬਣਾਇਆ ਜਾਵੇ। ਇਸਤੇ ਸਬੰਧਤ ਅਧਿਕਾਰੀਆਂ ਨੂੰ ਹਦਾਇਤ ਕੀਤੀ ਗਈ ਕਿ ਉਕਤ ਸਬੰਧੀ ਬਣਦੀ ਕਾਰਵਾਈ ਕੀਤੀ ਜਾਵੇ।

ਸ਼੍ਰੀਮਤੀ ਕਮਲੇਸ਼ ਮਹਿਰਾ, ਕੌਂਸਲਰ ਨੇ ਮੰਗ ਕੀਤੀ ਕਿ ਸੰਤਪੁਰਾ ਰੋਡ ਤੇ ਸੀਵਰ ਪਵਾਇਆ ਜਾਵੇ। ਇਸਤੇ ਪੰਜਾਬ ਵ/ਸ ਅਤੇ ਸੀਵਰੇਜ਼ ਬੋਰਡ ਦੇ ਅਧਿਕਾਰੀਆਂ ਨੂੰ ਹਦਾਇਤ ਕੀਤੀ ਗਈ ਕਿ ਬਣਦੀ ਕਾਰਵਾਈ ਕੀਤੀ ਜਾਵੇ।

ਸ਼੍ਰੀ ਹਰਵਿੰਦਰ ਸਿੰਘ, ਕੌਂਸਲਰ ਨੇ ਕਿਹਾ ਕਿ ਪਾਣੀ ਡੱਗ ਬਨਾਉਣ ਦੇ ਕੰਮ ਦੀ ਦੇਖਰੇਖ ਕਰਨ ਲਈ ਸਬ-ਕਮੇਟੀ ਬਣਾਈ ਗਈ ਸੀ। ਪਰੰਤੂ ਨਗਰ ਨਿਗਮ ਵੱਲੋਂ ਇਹ ਕੰਮ ਕਦੋਂ ਸ਼ੁਰੂ ਕੀਤਾ ਗਿਆ ਅਤੇ ਇਸਦੀ ਪੁਟਾਈ ਕਦੋਂ ਸ਼ੁਰੂ ਕੀਤੀ ਗਈ, ਇਸ ਬਾਰੇ ਕਮੇਟੀ ਦੇ ਮੈਂਬਰ ਸਾਹਿਬਾਨ ਨੂੰ ਜਾਣੂ ਨਹੀਂ ਕਰਵਾਇਆ ਗਿਆ। ਕਮੇਟੀ ਮੈਂਬਰ ਨੂੰ ਅਖਬਾਰਾਂ ਰਾਹੀਂ ਪਤਾ ਲਗਿਆ ਕਿ ਇਸ ਜਗ੍ਹਾ ਰੇਤ ਦੀ ਨਜਾਇਜ ਮਾਇਨਿੰਗ ਕੀਤੀ ਜਾ ਰਹੀ ਹੈ। ਇਸ ਸਬੰਧੀ ਅਸੀ ਪਹਿਲਾਂ ਹੀ ਲਿੱਖ ਕੇ ਦੇ ਚੁੱਕੇ ਹਾਂ ਕਿ ਕਮੇਟੀ ਮੈਂਬਰਾਂ ਦੀ ਇਸ ਸਬੰਧੀ ਕੋਈ ਜਿੰਮੇਵਾਰੀ ਨਹੀਂ ਹੈ। ਸਾਡੇ ਤੇ ਲੋਕਾਂ ਵੱਲੋਂ ਉਂਗਲੀਆਂ ਵੀ ਉਠਾਈਆਂ ਗਈਆਂ। ਉਹਨਾਂ ਕਿਹਾ ਕਿ ਜੇਕਰ ਅਖਬਾਰ ਦੀ ਖਬਰ ਵਿੱਚ ਕੋਈ ਸਚਾਈ ਹੈ ਤਾਂ ਬਣਦੀ ਕਾਰਵਾਈ ਕੀਤੀ ਜਾਵੇ। ਇਸਤੇ ਸ਼੍ਰੀ ਗੁਰਪ੍ਰੀਤ ਸਿੰਘ, ਨਿਗਮ ਇੰਜੀਨੀਅਰ ਵੱਲੋਂ ਦਸਿਆ ਗਿਆ ਕਿ ਇਸ ਸਬੰਧੀ ਕੀਤੀ ਕਾਰਵਾਈ ਤੋਂ ਜਾਣੂ ਕਰਵਾ ਦਿੱਤਾ ਜਾਵੇਗਾ।

ਸ਼੍ਰੀ ਵਿਕਰਮ ਕ੍ਰਾਂਤੀ, ਕੌਂਸਲਰ ਨੇ ਕਿਹਾ ਕਿ ਤਕਰੀਬਨ ਡੇਢ ਮਹੀਨੇ ਤੋਂ ਵਾਰਡ ਨੰਬਰ 18 ਵਿਖੇ ਸ਼ਹੀਦ ਉਧਮ ਸਿੰਘ ਨਗਰ ਦੀ ਇੱਕ ਛੋਟੀ ਜਿਹੀ ਗਲੀ ਵਿੱਚ ਪਾਣੀ ਦੀ ਸਪਲਾਈ ਨਹੀਂ ਆ ਰਹੀ। ਇਸਤੋਂ ਇਲਾਵਾ ਗਣਪਤੀ ਇਨਕਲੈਵ ਦੇ ਸਾਹਮਣੇ ਬਣੇ ਪੁੱਲ ਦੀਆਂ ਸਰਵਿਸ ਰੋਡਜ਼ ਤੇ ਖੱਡੇ ਭਰਵਾਏ ਜਾਣ। ਉਹਨਾਂ ਇਹ ਵੀ ਦਸਿਆ ਕਿ ਸੰਜੇ ਨਗਰ ਛੱਪੜ ਵਿੱਚ ਇੱਕ ਵਿਅਕਤੀ ਵੱਲੋਂ ਨਜਾਇਜ ਤੋਰ ਤੇ ਟੋਭੇ ਵਿੱਚ ਗੋਬਰ ਸੁੱਟਿਆ ਜਾ ਰਿਹਾ ਹੈ। ਉਹਨਾਂ ਜਲਦ ਤੋਂ ਜਲਦ ਇਸ ਵਿਅਕਤੀ ਖਿਲਾਫ ਬਣਦੀ ਕਾਰਵਾਈ ਕਰਨ ਦੀ ਮੰਗ ਕੀਤੀ। ਇਸਤੇ ਸਬੰਧਤ ਅਧਿਕਾਰੀਆਂ ਨੂੰ ਹਦਾਇਤ ਕੀਤੀ ਗਈ ਕਿ ਉਕਤ ਸਬੰਧੀ ਬਣਦੀ ਕਾਰਵਾਈ ਕੀਤੀ ਜਾਵੇ।

ਸ਼੍ਰੀ ਸੁਖਦੀਪ ਸਿੰਘ ਢਿੱਲੋਂ, ਕੌਂਸਲਰ ਨੇ ਮੰਗ ਕੀਤੀ ਕਿ ਹੋਮਲੈਂਡ ਕਲੋਨੀ ਦਾ ਸੀਵਰ ਮੇਨ ਸੀਵਰ ਨਾਲ ਜੋੜਿਆ ਜਾਵੇ। ਇਸਤੋਂ ਇਲਾਵਾ ਕੋਠੇ ਅਮਰਪੁਰਾ ਵਿਖੇ ਪੈਡਿੰਗ ਪਏ ਸੀਵਰੇਜ਼ ਦੇ ਕੁਨੈਕਸ਼ਨ ਕਰਵਾਏ ਜਾਣ। ਬਠਿੰਡਾ ਸ਼ਹਿਰ ਵਿੱਚੋਂ ਲੰਘ ਰਹੀ ਸਰਹਿੰਦ ਕੈਨਾਲ ਦੀਆਂ ਸਾਈਡਾਂ ਤੇ ਫੈਨਸਿੰਗ ਕਰਵਾਈ ਜਾਵੇ ਤਾਂ ਜੋ ਕੋਈ ਹਾਦਸਾ ਨਾ ਵਾਪਰੇ। ਇਸਤੇ ਪੰਜਾਬ ਵ/ਸ ਅਤੇ ਸੀਵਰੇਜ਼ ਬੋਰਡ ਦੇ ਅਧਿਕਾਰੀਆਂ ਅਤੇ ਸਬੰਧਤ ਕਰਮਚਾਰੀਆਂ ਨੂੰ ਹਦਾਇਤ ਕੀਤੀ ਗਈ ਕਿ ਬਣਦੀ ਕਾਰਵਾਈ ਕੀਤੀ ਜਾਵੇ।

*ਇਸ ਉਪਰੰਤ ਮੀਟਿੰਗ ਦੀ ਕਾਰਵਾਈ ਸ਼ੁਰੂ ਹੋਈ।*

**ਏਜੰਡਾ ਨੰਬਰ 1 :**

ਜਨਰਲ ਹਾਊਸ ਦੀ ਮੀਟਿੰਗ ਮਿਤੀ 03.01.2022 ਦੀ ਕਾਰਵਾਈ ਦੀ ਪਕਿਆਈ।

| | |
|---|---|
| **ਮਤਾ ਨੰਬਰ 101:** | **ਮੀਟਿੰਗ ਮਿਤੀ 03.01.2022 ਦੀ ਕਾਰਵਾਈ ਦੀ ਪਕਿਆਈ ਕੀਤੀ ਜਾਂਦੀ ਹੈ।** |

**ਏਜੰਡਾ ਨੰਬਰ 2 :**

ਐਫ.ਐਂਡ ਸੀ.ਸੀ. ਦੀ ਮੀਟਿੰਗ ਮਿਤੀ 04.01.2022, 29.03.2022, 12.05.2022, 25.05.2022 ਅਤੇ ਮੀਟਿੰਗ ਮਿਤੀ 13.06.2022 ਦੀ ਕਾਰਵਾਈ ਦੀ ਪਕਿਆਈ।

| | |
|---|---|
| **ਮਤਾ ਨੰਬਰ 102:** | **ਐਫ.ਐਂਡ ਸੀ.ਸੀ. ਦੀਆਂ ਮੀਟਿੰਗਾਂ ਮਿਤੀ 04.01.2022, 29.03.2022, 12.05.2022, 25.05.2022 ਅਤੇ ਮੀਟਿੰਗ ਮਿਤੀ 13.06.2022 ਦੀ ਕਾਰਵਾਈ ਦੀ ਪਕਿਆਈ ਕੀਤੀ ਜਾਂਦੀ ਹੈ।** |

**ਏਜੰਡਾ ਨੰਬਰ 3 :**

ਦਫਤਰੀ ਰਿਪੋਰਟ ਕਿ **Hiring of 2 No. of Invova and 2 Nos. of Bolero** ਦੇ ਕੰਮ ਦੇ ਟੈਂਡਰ ਨਗਰ ਨਿਗਮ ਵੱਲੋਂ ਪਹਿਲਾਂ ਮਿਤੀ 14.9.2021 ਅਤੇ ਦੂਜੀ ਵਾਰ 30.9.2021 ਨੂੰ ਕਾਲ ਕੀਤਾ ਗਿਆ ਸੀ

ਪਰੰਤੂ ਕਿਸੇ ਵੀ ਫਰਮ ਵੱਲੋਂ ਟੈਂਡਰ ਪ੍ਰਾਪਤ ਨਹੀਂ ਹੋਇਆ।ਇਸ ਉਪਰੰਤ ਉਕਤ ਕੰਮ ਦੇ ਟੈਂਡਰ ਮਿਤੀ 22.10.2021 ਨੂੰ ਤੀਸਰੀ ਵਾਰ ਮੰਗੇ ਗਏ ਸਨ, ਜਿਸ ਵਿੱਚ ਸਭ ਤੋਂ ਘੱਟ ਰੇਟ BathindaTour and Travels ਵੱਲੋਂ ਪਾਏ ਗਏ ਸਨ ਪਰੰਤੂ ਏਜੰਸੀ ਦੇ ਰੇਟ ਜਿਆਦਾ ਹੋਣ ਕਾਰਣ ਨਿਗਰਾਨ ਇੰਜੀਨੀਅਰ ਵੱਲੋਂ ਆਪਣੇ ਪੱਤਰ ਨੰ: 109 ਮਿਤੀ 10.11.2021 ਰਾਹੀਂ ਰੇਟ ਘਟਾਉਣ ਲਈ ਲਿਖਿਆ ਗਿਆ ਸੀ। ਇਸ ਪੱਤਰ ਦੇ ਸਬੰਧ ਵਿੱਚ BathindaTour and Travels ਵੱਲੋਂ ਹੇਠ ਲਿਖੇ ਅਨੁਸਾਰ ਰੇਟ /ਸਹਿਮਤੀ ਦਿੱਤੀ ਗਈ ਹੈ:-

| Sr. No. | Model | Qty | Price as per received tender in Rs. | Price after negotiation in Rs. |
|---|---|---|---|---|
| 1. | Invova Crysta | 2 No. | 178500/- (1 @ Rs. 89250) | 168000/- (1 @ Rs. 84000) |
| 2. | Bolero | 2 No. | 144900/- (1 @ Rs. 72450) | 136500/- (1 @ Rs. 68250) |

ਪਰੰਤੂ ਦਿੱਤੇ ਗਏ ਇਹ ਰੇਟ ਅਜੇ ਵੀ ਬਹੁਤ ਜਿਆਦਾ ਜਾਪਦੇ ਹਨ। ਇਸ ਲਈ ਮੇਰੇ ਵਿਚਾਰ ਅਨੁਸਾਰ ਨਗਰ ਨਿਗਮ ਵੱਲੋਂ ਉਕਤ ਰੇਟਾਂ ਤੇ ਗੱਡੀਆਂ ਨੂੰ ਕਿਰਾਏ ਤੇ ਲੈਣ ਦੀ ਬਜਾਏ ਨਵੀਂਆਂ ਗੱਡੀਆਂ ਦੀ ਖਰੀਦ ਲਈ ਮੁੜ ਤੋਂ ਵਿਚਾਰ ਕਰ ਲੈਣਾ ਯੋਗ ਹੋਵੇਗਾ, ਇਸ ਦੀcomparisonsheet ਹੇਠ ਲਿਖੇ ਅਨੁਸਾਰ ਹੈ:-

| Sr. No. | Model | Total Cost for New Vehicle | | Total cost if hiring Vehicle | |
|---|---|---|---|---|---|
| | | Approximate Price as per market rate for One Govt. Vehicle | Approximate Running expenditure per year (Driver+Diesel + Maintenance etc.) | Received Price if hiring for One Vehicle in Rs. | Price per year |
| 1 | Invova Crysta | 1550000 | 540000 | 84000 | 1008000 |
| 2 | Bolero | 900000 | 360000 | 68250 | 819000 |
| **Total** | | **2450000** | **900000** | **152250** | **1827000** |
| | | **3350000** | | **1827000** | |

ਇਸ comparisonsheet ਅਨੁਸਾਰ ਜੇਕਰ ਨਗਰ ਨਿਗਮ ਵੱਲੋਂ ਗੱਡੀਆਂ ਦੀ ਖਰੀਦ ਕੀਤੀ ਜਾਂਦੀ ਹੈ ਤਾਂ ਕਿਰਾਏ ਦੀ ਕੀਮਤ ਵਿੱਚ ਇਹਨਾਂ ਗੱਡੀਆ ਦੀ ਲਾਗਤ ਲਗਭਗ 2 ਸਾਲਾਂ ਵਿੱਚ ਰਿਕਵਰ ਹੋ ਜਾਵੇਗੀ। ਇਸ ਸਬੰਧੀ ਨਿਗਰਾਨ ਇੰਜੀਨੀਅਰ ਨੇ ਰਿਪੋਰਟ ਕੀਤੀ ਹੈ ਕਿ "In addition to above, one Ertiga (Maruti Suzuki) is proposed for SE. Agreed to above proposal. There is acute shortage of official vehicles. May be sent to MC House for approval, please".

ਉਕਤ ਅਨੁਸਾਰ ਕੇਸ ਹਾਊਸ ਦੇ ਵਿਚਾਰ ਹਿੱਤ।

| **ਮਤਾ ਨੰਬਰ 103:** | **ਇੱਕ ਇਨੋਵਾ ਅਤੇ ਇੱਕ ਬੋਲੈਰੋ ਗੱਡੀ ਦੀ ਖਰੀਦ ਕਰਨ ਤੇ ਆਉਣ ਵਾਲੇ ਖਰਚੇ ਦੀ ਪ੍ਰਵਾਨਗੀ ਦਿੱਤੀ ਜਾਂਦੀ ਹੈ।** |
|---|---|

**ਏਜੰਡਾ ਨੰਬਰ 4 :**

ਰਿਪੋਰਟ ਤਹਿਬਾਜਾਰੀ ਸ਼ਾਖਾ ਕਿ ਨਗਰ ਨਿਗਮ ਬਠਿੰਡਾ ਵੱਲੋਂ ਸ਼ਹਿਰ ਵਿੱਚ ਸਥਿਤ 7 ਪਾਰਕਿੰਗਾਂ ਦਾ ਠੇਕਾ ਸ਼੍ਰੀ ਗੁਰਮਿੰਦਰ ਸਿੰਘ ਪੁੱਤਰ ਸ਼੍ਰੀ ਕੁਲਵੰਤ ਸਿੰਘ ਨੂੰ ਮਿਤੀ 16.06.2017 ਨੂੰ ਇੱਕ ਸਾਲ ਦੀ ਮਿਆਦ ਲਈ 16,35,000/- ਰੁਪਏ ਵਿੱਚ ਦਿੱਤਾ ਗਿਆ ਸੀ। ਠੇਕੇਦਾਰ ਵੱਲੋਂ ਨਿਗਮ ਵੱਲੋਂ ਨਿਰਧਾਰਤ ਫਸਿ ਤੋਂ ਵੱਧ ਫੀਸ ਵਸੂਲਣ ਕਾਰਨ ਸਮੇਂ ਤੋਂ ਪਹਿਲਾਂ ਹੀ ਠੇਕਾ ਕਮਿਸ਼ਨਰ, ਨਗਰ ਨਿਗਮ ਬਠਿੰਡਾ ਜੀ ਵੱਲੋਂ ਹੁਕਮ ਮਿਤੀ 20.01.2018 ਰਾਹੀਂ ਰੱਦ ਕਰ ਦਿੱਤਾ ਸੀ। ਇਸ ਤੋਂ ਪਹਿਲਾਂ ਵੀ ਵੱਖ-ਵੱਖ ਠੇਕੇਦਾਰਾਂ ਵੱਲੋਂ ਵੱਖ-ਵੱਖ ਸਮੇਂ ਨਗਰ ਨਿਗਮ ਵੱਲੋਂ ਨਿਰਧਾਰਤ ਫੀਸ ਤੋਂ ਵੱਧ ਫੀਸ ਵਸੂਲਣ ਕਾਰਨ ਇੰਨ੍ਹਾਂ ਪਾਰਕਿੰਗਾਂ ਦਾ ਠੇਕਾ ਰੱਦ ਕੀਤਾ ਜਾਂਦਾ ਰਿਹਾ ਹੈ। ਇੰਨ੍ਹਾਂ 7 ਪਾਰਕਿੰਗਾਂ ਨੂੰ ਨਿਗਮ ਦੇ ਹਾਊਸ ਵੱਲੋਂ ਠੇਕੇ ਤੇ ਨਾ ਦੇਣ ਸਬੰਧੀ ਮਤਾ ਨੰਬਰ 52 ਮਿਤੀ 25.09.2018 ਰਾਹੀਂ ਪਾਸ ਕੀਤਾ ਗਿਆ ਸੀ। ਇੰਨ੍ਹਾਂ ਖਾਲੀ ਸਪੇਸ ਉੱਪਰ ਰੇਹੜੀ-ਫੜੀ ਅਤੇ ਨਾਲ ਵਾਲੇ ਦੁਕਾਨਦਾਰਾਂ ਵੱਲੋਂ ਨਜਾਇਜ ਆਰਜੀ ਇੰਨਕਰੋਚਮੈਂਟ ਕੀਤੀ ਜਾ ਰਹੀ ਹੈ, ਜਿਸ ਨਾਲ ਪਬਲਿਕ ਨੂੰ ਵਹੀਕਲ ਪਾਰਕ ਕਰਨ ਵਿੱਚ ਮੁਸ਼ਕਿਲ ਆਉਂਦੀ ਹੈ। ਨਿਗਮ ਦੇ ਮਾਲੀ ਹਿੱਤਾਂ ਨੂੰ ਮੁੱਖ ਰੱਖਦੇ ਹੋਏ ਮਿਤੀ 28.04.2022 ਨੂੰ ਮਾਨਯੋਗ ਕਮਿਸ਼ਨਰ ਸਾਹਿਬ ਵੱਲੋਂ ਮੀਟਿੰਗ ਦੋਰਾਨ ਹਦਾਇਤ ਕੀਤੀ ਗਈ ਹੈ ਕਿ ਇੰਨ੍ਹਾਂ ਪਾਰਕਿੰਗਾਂ ਨੂੰ ਠੇਕੇ ਤੇ ਦੇਣ ਸਬੰਧੀ ਕਾਰਵਾਈ ਅਮਲ ਵਿੱਚ ਲਿਆਂਦੀ ਜਾਵੇ। ਉਕਤ ਅਨੁਸਾਰ ਨਿਗਮ ਹਾਊਸ ਦੀ ਪ੍ਰਵਾਨਗੀ ਲਈ ਰਿਪੋਰਟ ਪੇਸ਼ ਹੈ ਜੀ।

ਇੰਨ੍ਹਾਂ 7 ਪਾਰਕਿੰਗਾਂ ਦਾ ਵੇਰਵਾ ਹੇਠ ਲਿਖੇ ਅਨੁਸਾਰ ਹੈ ਜੀ:

1. ਸ਼ਕਤੀ ਮਾਰਕੀਟ ਮਾਲ ਰੋਡ ਨੇੜੇ ਕੈਸ਼ੋਰਾਮ ਪਸ਼ੂਪਤੀ ਨਾਥ ਪੈਟ੍ਰੋਲ ਪੰਪ
2. ਥੋਕ ਮੈਡੀਕਲ ਮਾਰਕੀਟ ਨੇੜੇ ਰੇਲਵੇ ਸਟੇਸ਼ਨ
3. ਗਾਂਧੀ ਮਾਰਕੀਟ ਨੇੜੇ ਸ਼ਰਮਾ ਮਿਸ਼ਠਾਨ ਭੰਡਾਰ

4. ਪੁਰਾਣਾ ਹਸਪਤਾਲ ਨੇੜੇ ਮੱਛੀ ਮਾਰਕੀਟ
5. ਸ਼ਕਤੀ ਮਾਰਕੀਟ ਦੇ ਸਾਹਮਣੇ ਵਾਲੀ ਜਗ੍ਹਾ
6. ਸ਼ਹੀਦ ਭਗਤ ਸਿੰਘ ਮਾਰਕੀਟ (ਸਪੋਰਟਸ ਮਾਰਕੀਟ)
7. ਆਰਿਆ ਸਮਾਜ ਚੌਂਕ ਨੇੜੇ ਮਾਰਕੀਟ

ਇਸ ਸਬੰਧੀ ਨਿਗਰਾਨ ਇੰਜੀਨੀਅਰ ਨੇ ਰਿਪੋਰਟ ਕੀਤੀ ਹੈ ਕਿ "As proposed, above said 7 parkings may be auctioned for paid parking, so that MCB may earn revenue out of these parkings. Case may be sent to MC House for necessary approval please".

ਉਕਤ ਅਨੁਸਾਰ ਕੇਸ ਹਾਊਸ ਦੇ ਵਿਚਾਰ ਹਿੱਤ।

| | |
|---|---|
| **ਮਤਾ ਨੰਬਰ 104:** | **ਪ੍ਰਵਾਨ ਹੈ। ਮਜ਼ੀਦ ਪਾਸ ਕੀਤਾ ਗਿਆ ਕਿ ਹਰੇਕ ਪਾਰਕਿੰਗ ਵਿੱਚ ਨਗਰ ਨਿਗਮ ਵੱਲੋਂ ਨਿਰਧਾਰਤ ਕੀਤੇ ਰੇਟਾਂ ਦੇ ਬੋਰਡ ਲਗਾਏ ਜਾਣ।** |

**ਏਜੰਡਾ ਨੰਬਰ 5 :**

ਦਫਤਰੀ ਰਿਪੋਰਟ ਕਿ Ministry of Housing and Urban Affairs ਭਾਰਤ ਸਰਕਾਰ ਵੱਲੋਂ ਸਵੱਛ ਭਾਰਤ ਮਿਸ਼ਨ ਤਹਿਤ ਸ਼ਹਿਰ ਨੂੰ **ਗਾਰਬੇਜ਼ ਫ੍ਰੀ ਸਿਟੀ** ਬਨਾਉਣ ਲਈ ਇੱਕ ਪ੍ਰੋਟੋਕੋਲ ਜਾਰੀ ਕੀਤਾ ਗਿਆ ਹੈ, ਜਿਸ ਅਨੁਸਾਰ ਸ਼ਹਿਰ ਦੀ 1 ਤੋਂ 7 ਸਟਾਰ ਤੱਕ ਰੈਕਿੰਗ ਤਹਿ ਕੀਤੀ ਜਾਣੀ ਹੈ। ਪਿਛਲੇ ਸਾਲ ਨਗਰ ਨਿਗਮ ਬਠਿੰਡਾ ਵੱਲੋਂ 5 ਸਟਾਰ ਲਈ ਅਪਲਾਈ ਕੀਤਾ ਗਿਆ ਸੀ। ਪਰ ਕੁੱਝ ਕਮੀਆਂ ਕਰਕੇ ਨਗਰ ਨਿਗਮ ਬਠਿੰਡਾ ਪਿੱਛੇ ਰਹਿ ਗਿਆ। ਜਿਸ ਕਰਕੇ SBM ਟੀਮ ਵੱਲੋਂ ਇਸ ਵਾਰ 1 ਸਟਾਰ ਲਈ ਅਪਲਾਈ ਕਰਨ ਦਾ ਫੈਸਲਾ ਕੀਤਾ ਗਿਆ ਹੈ ਤਾਂ ਜੋ GFC ਵਿੱਚੋਂ 1 ਸਟਾਰ ਪ੍ਰਾਪਤ ਕੀਤੇ ਜਾ ਸਕਣ। ਇਸ ਲਈ ਨਗਰ ਨਿਗਮ ਦੇ ਜਨਰਲ ਹਾਊਸ/ਐਡਵਾਇਜ਼ਰੀ ਕਮੇਟੀ ਦੀ ਪ੍ਰਵਾਨਗੀ ਦੀ ਲੋੜ੍ਹ ਹੈ ਤਾਂ ਜੋ ਅਗਲੇਰੀ ਕਾਰਵਾਈ ਲਈ ਸਥਾਨਕ ਸਰਕਾਰ ਪਾਸ ਪ੍ਰਵਾਨਗੀ ਲੈਣ ਲਈ ਭੇਜਿਆ ਜਾ ਸਕੇ ਜੀ। ਇਸ ਸਬੰਧੀ ਨਿਗਰਾਨ ਇੰਜੀਨੀਅਰ ਨੇ ਰਿਪੋਰਟ ਕੀਤੀ ਹੈ ਕਿ "May be sent to MC house for approval. Since this resolution has to be uploaded on website (SBM 2022) therefore may be approved in anticipation of MC House Meeting. ਇਸਤੇ ਮਾਨਯੋਗ ਮੇਅਰ, ਨਗਰ ਨਿਗਮ ਬਠਿੰਡਾ ਜੀ ਵੱਲੋਂ ਹਾਊਸ ਤੋਂ ਪ੍ਰਵਾਨਗੀ ਦੀ ਆਸ ਵਿੱਚ ਮਿਤੀ 03.01.2022 ਨੂੰ ਮੰਨਜ਼ੂਰੀ ਦਿੱਤੀ ਗਈ। ਰਿਪੋਰਟ ਹਾਊਸ ਦੀ ਜਾਣਕਾਰੀ ਹਿੱਤ।

| | |
|---|---|
| **ਮਤਾ ਨੰਬਰ 105:** | **ਪ੍ਰਵਾਨ ਹੈ। ਨੋਟ ਕੀਤਾ।** |

**ਏਜੰਡਾ ਨੰਬਰ 6 :**

ਰਿਪੋਰਟ ਵਰਕਸ ਸ਼ਾਖਾ ਕਿ ਸ਼ਹਿਰ ਦੇ ਵੱਖ-ਵੱਖ ਹਿੱਸਿਆਂ ਵਿੱਚ ਵਿਕਾਸ ਦੇ ਕੰਮ ਕਰਾਉਣ ਲਈ ਹੇਠ ਲਿਖੇ ਅਨੁਸਾਰ ਤਖਮੀਨੇ ਤਿਆਰ ਕੀਤੇ ਗਏ ਹਨ:-

| Sr. No. | Name of Work | Estimate (in lac) |
|---|---|---|
| 1. | ਮਾਡਲ ਟਾਊਨ ਫੇਜ਼-3 ਅਤੇ ਨਿਰਵਾਨਾ ਅਸਟੇਟ (ਪੁਰਾਣੀ ਕੇਂਦਰੀ ਜੇਲ) ਲਈ ਆਊਟਸੋਰਸ ਤੇ ਸਫਾਈ ਸੇਵਕ ਰੱਖਣ ਸਬੰਧੀ | 52.62 |
| 2. | Supply of labour for Road Gang Branch for one year 2022-2023 | 21.26 |
| 3. | Supply of Tree Guards for plantation season 2022-2023 on various roads of Bathinda City (1500 Nos.) | 29.16 |

ਕੇਸ ਹਾਊਸ ਦੇ ਵਿਚਾਰ ਹਿੱਤ।

| | |
|---|---|
| **ਮਤਾ ਨੰਬਰ 106:** | **ਪ੍ਰਵਾਨ ਹੈ।** |

**ਏਜੰਡਾ ਨੰਬਰ 7 :**

ਦਫਤਰੀ ਰਿਪੋਰਟ ਕਿ ਨਗਰ ਨਿਗਮ ਬਠਿੰਡਾ ਵਿਖੇ ਇੰਜੀਨੀਅਰਿੰਗ ਸ਼ਾਖਾ ਵਿੱਚ ਬਹੁਤ ਸਾਰੀਆਂ ਜੂਨੀਅਰ ਇੰਜੀਨੀਅਰਾਂ ਦੀਆਂ ਆਸਾਮੀਆਂ ਖਾਲੀ ਪਈਆਂ ਹਨ।ਇਹਨਾਂ ਆਸਾਮੀਆਂ ਦਾ (ਬਜਟ 2022-2023 ਅਨੁਸਾਰ) ਵੇਰਵਾ ਹੇਠ ਲਿਖੇ ਅਨੁਸਾਰ ਹੈ:-

| ਲੜੀ ਨੰ: | ਆਸਾਮੀ ਦਾ ਨਾਮ | ਬਜਟ ਮੁਤਾਬਿਕ ਆਸਾਮੀਆਂ | ਮੋਜੂਦਾ ਤੈਨਾਤੀ | ਖਾਲੀ ਪਈਆਂ ਆਸਾਮੀਆਂ |
|---|---|---|---|---|
| 1 | ਜੂਨੀਅਰ ਇੰਜੀਨੀਅਰ (ਸਿਵਲ) | 7 | 2 | 5 |
| 2 | ਜੂਨੀਅਰ ਇੰਜੀਨੀਅਰ (ਓ.ਐਂਡ ਐਮ.) | 1 | - | 1 |
| 3 | ਜੂਨੀਅਰ ਇੰਜੀਨੀਅਰ (ਇਲੈਕਟ੍ਰਿਕਲ) | 1 | - | 1 |
| 4 | ਜੂਨੀਅਰ ਇੰਜੀਨੀਅਰ (ਬਾਗਬਾਨੀ) | 2 | 1 | 1 |
| | ਜੋੜ: | 11 | 3 | 8 |

ਨਗਰ ਨਿਗਮ ਵੱਲੋਂ ਸ਼ਹਿਰ ਵਿੱਚ ਕਾਫੀ ਜਿਆਦਾ ਵਿਕਾਸ ਦੇ ਕੰਮ ਕਰਵਾਏ ਜਾ ਰਹੇ ਹਨ। ਇਹਨਾਂ ਕੰਮਾਂ ਸਬੰਧੀ ਜਰੂਰੀ ਕਾਗਜ਼ੀ ਕਾਰਵਾਈ ਕਰਨ ਅਤੇ ਕੁਆਲਟੀ ਚੈਕ ਕਰਨ ਵਿੱਚ ਭਾਰੀ ਦਿੱਕਤ ਆ ਰਹੀ ਹੈ। ਮੌਜੂਦਾ ਸਮੇਂ ਹੋਰ ਨਗਰ ਨਿਗਮਾਂ ਵਿਖੇ ਵੀ ਇੰਜੀਨੀਅਰਿੰਗ ਸਟਾਫ ਦੀ ਕਮੀ ਹੈ। ਜਿਸ ਕਾਰਨ ਆਉਣ ਵਾਲੇ ਸਮੇਂ ਵਿੱਚ ਹੋਰ ਨਗਰ ਨਿਗਮਾਂ ਤੋਂ ਬਠਿੰਡਾ ਵਿਖੇ ਸਟਾਫ ਬਦਲ ਕੇ ਆਉਣ ਦੀ ਸੰਭਾਵਨਾਂ ਬਹੁਤ ਘੱਟ ਹੈ। ਇਸ ਲਈ ਉਚਿਤ ਹੋਵੇਗਾ ਕਿ ਨਵੇਂ ਸਟਾਫ ਦੀ ਪੱਕੀ ਭਰਤੀ ਹੋਣ ਤੱਕ ਆਊਟ ਸੋਰਸਿੰਗ ਏਜੰਸੀ ਰਾਹੀਂ ਆਊਟ ਸੋਰਸਿੰਗ ਤੇ ਹੇਠ ਲਿਖੇ ਅਨੁਸਾਰ ਜੂਨੀਅਰ ਇੰਜੀਨੀਅਰ ਰੱਖ ਲਏ ਜਾਣ:

| ਲੜੀ ਨੰ: | ਆਸਾਮੀ ਦਾ ਨਾਮ | ਗਿਣਤੀ |
|---|---|---|
| 1 | ਜੂਨੀਅਰ ਇੰਜੀਨੀਅਰ (ਸਿਵਲ) | 5 |
| 2 | ਜੂਨੀਅਰ ਇੰਜੀਨੀਅਰ (ਓ.ਐਂਡ ਐਮ.) | 1 |
| 3 | ਜੂਨੀਅਰ ਇੰਜੀਨੀਅਰ (ਇਲੈਕਟ੍ਰਿਕਲ) | 1 |
| 4 | ਜੂਨੀਅਰ ਇੰਜੀਨੀਅਰ (ਬਾਗਬਾਨੀ) | 1 |
| | ਜੋੜ: | 8 |

ਇਹਨਾਂ ਆਸਾਮੀਆਂ ਤੇ Gretis India Private Limited ਦੀਆਂ ਸ਼ਰਤਾਂ ਅਤੇ ਪ੍ਰਾਪਤ ਰੇਟਾਂ ਅਨੁਸਾਰ ਸਾਲ 2022-23 ਵਿੱਚ (ਇੱਕ ਸਾਲ ਲਈ) ਹੇਠ ਲਿਖੇ ਅਨੁਸਾਰ ਖਰਚਾ ਆਉਣ ਦੀ ਸੰਭਾਵਨਾਂ ਹੈ:

| S.No. | Designation | Rates of Pay | EFP Wages | P.F. (Employer Share 13%) | CTO | Admin Charges @2.50% | Total Billing Amount | GST 18% | Total Bill Value per Month per Person | Total No. of Personnel Required | Total Bill Value per Month | Total Bill value for one year |
|---|---|---|---|---|---|---|---|---|---|---|---|---|
| 1 | J.E. (Civil) | 21100 | 15000 | 1950 | 23050 | 576 | 23626 | 4253 | 27879 | 5 | 139395 | 1672740 |
| 2 | J.E. (O&M) | 21100 | 15000 | 1950 | 23050 | 576 | 23626 | 4253 | 27879 | 1 | 27879 | 334548 |
| 3 | J.E. (Electrical) | 21100 | 15000 | 1950 | 23050 | 576 | 23626 | 4253 | 27879 | 1 | 27879 | 334548 |
| 4 | J.E. (Horticulture) | 21100 | 15000 | 1950 | 23050 | 576 | 23626 | 4253 | 27879 | 1 | 27879 | 334548 |
| | | | | | | | | | 111516 | 8 | 223032 | 2676384 |

ਉਪਰੋਕਤ ਅਨੁਸਾਰ ਕੁੱਲ 26,76,384/- ਰੁਪਏ ਦੇ ਖਰਚੇ ਅਤੇ ਇਹਨਾਂ ਆਸਾਮੀਆਂ ਨੂੰ Gretis India Private Limited ਪਾਸੋਂ ਆਊਟਸੋਰਸ ਤੇ ਭਰਨ ਦੀ ਪ੍ਰਸ਼ਾਸਕੀ ਪ੍ਰਵਾਨਗੀ ਲਈ ਕੇਸ ਹਾਊਸ ਦੇ ਵਿਚਾਰ ਹਿੱਤ।

| ਮਤਾ ਨੰਬਰ 107: | ਪੈਂਡਿੰਗ ਰੱਖਿਆ ਜਾਂਦਾ ਹੈ, ਕਿਉਂ ਜੋ ਸਰਕਾਰ ਪੱਧਰ ਤੇ ਜੂਨੀਅਰ ਇੰਜੀਨੀਅਰਜ਼ ਦੀਆਂ ਰੈਗੂਲਰ ਆਸਾਮੀਆਂ ਭਰਨ ਦੀ ਪ੍ਰਕ੍ਰਿਆ ਆਰੰਭ ਕੀਤੀ ਜਾ ਚੁੱਕੀ ਹੈ। |
|---|---|

**ਏਜੰਡਾ ਨੰਬਰ 8 :**

ਰਿਪੋਰਟ ਸਿਹਤ ਸ਼ਾਖਾ ਕਿ ਨਗਰ ਨਿਗਮ ਬਠਿੰਡਾ ਵੱਲੋਂ ਘਰਾਂ ਅਤੇ ਦੁਕਾਨਾਂ ਦਾ ਕੂੜਾ ਮਿੰਨੀ ਟਿੱਪਰਾਂ ਰਾਹੀਂ ਚੁੱਕਿਆ ਜਾ ਰਿਹਾ ਹੈ। ਕੂੜਾ ਚੁੱਕਣ ਦੀ ਵਿਵਸਥਾ ਨੂੰ ਚਰਨਬੱਧ ਤਰੀਕੇ ਨਾਲ ਹੋਰ ਸੁਚਾਰੂ ਕਰਨ ਲਈ ਨਗਰ ਨਿਗਮ ਬਠਿੰਡਾ ਵੱਲੋਂ 7 ਨਵੇਂ ਮਿੰਨੀ ਸੀ.ਐਨ.ਜੀ. ਟਿੱਪਰਾਂ ਦੀ ਖਰੀਦ ਕੀਤੀ ਗਈ ਹੈ। ਇਹਨਾਂ ਟਿੱਪਰਾਂ ਤੋਂ ਕੰਮ ਲੈਣ ਲਈ ਲਗਭਗ 21 ਸਫਾਈ ਸੇਵਕਾਂ ਦੀ ਲੋੜ ਹੈ। ਇਹ ਲੇਬਰ ਆਊਟਸੋਰਸ ਪ੍ਰਣਾਲੀ ਰਾਹੀਂ ਰੱਖੀ ਜਾਣੀ ਹੈ। ਇਹਨਾਂ 21 ਸਫਾਈ ਸੇਵਕਾਂ ਤੋਂ ਕੰਮ ਲੈਣ ਸਬੰਧੀ **OFFICE OF THE LABOUR COMMISSIONER, PUNJAB, MODEL WELFARE CENTRE, LABOUR BHAWAN, MOHALI (Statistical Branch) Letter No. ST/17065 Dated 30/11/2021** ਵਿੱਚ ਅੰਕਿਤ ਰੇਟ ਅਨੁਸਾਰ ਤਖਮੀਨਾ ਤਿਆਰ ਕੀਤਾ ਗਿਆ ਹੈ, ਜੋ ਕਿ ਹੇਠ ਲਿਖੇ ਅਨੁਸਾਰ ਹੈ:-

**ਤਖਮੀਨਾ**

ਇਹ ਤਖਮੀਨਾ ਠੇਕੇ ਤੇ 21 ਸਫਾਈ ਸੇਵਕ (ਆਊਟਸੋਰਸ ਲੇਬਰ) ਲੈਣ ਸਬੰਧੀ **OFFICE OF THE LABOUR COMMISSIONER, PUNJAB, MODEL WELFARE CENTRE, LABOUR BHAWAN, MOHALI (Statistical Branch) Letter No. ST/17065 Dated 30/11/2021** ਅਨੁਸਾਰ ਗਰੁੱਪ ਡੀ ਦੀ ਮਾਸਿਕ ਉਜ਼ਰਤਾਂ 9192.72 ਰੁਪਏ **(w.e.f. 01/09/20)** ਤੇ ਤਿਆਰ ਕੀਤਾ ਗਿਆ ਹੈ।

| | | |
|---|---|---|
| ਇੱਕ ਕਰਮਚਾਰੀ (ਗਰੁੱਪ ਡੀ) ਦੀ ਮਾਸਿਕ ਉਜ਼ਰਤਾਂ | = | 9192.72 |
| ਵਾਧੂ ਚਾਰਜ਼ 16.75% {EPF (Employer Share) = 13%, ESIC = 3.75%) | = | 1539.78 |
| ਸਰਵਿਸ ਚਾਰਜ਼ (Contractor Profit = 2.5%) | = | 229.81 |
| ਜੋੜ | **=** | **10962.31** |

21 ਸਫਾਈ ਸੇਵਕ (ਆਉਟਸੋਰਸ) ਤੇ ਆਉਣ ਵਾਲਾ
ਇੱਕ ਮਹੀਨੇ ਦਾ ਖਰਚ = 21x10962.31=230208/51 ਰੁਪਏ ਪ੍ਰਤੀ ਮਹੀਨਾ

12 ਮਹੀਨਿਆਂ ਵਿੱਚ 21 ਕਰਮਚਾਰੀਆਂ ਦੀਆਂ
ਉਜ਼ਰਤਾਂ ਤੇ ਆਉਣ ਵਾਲਾ ਖਰਚ = 230208.51x12=2762502/12 ਰੁਪਏ

ਇਹਨਾਂ ਕਰਮਚਾਰੀਆਂ ਨੂੰ ਆਉਟਸੋਰਸ ਪ੍ਰਣਾਲੀ ਰਾਹੀਂ ਰੱਖਣ ਅਤੇ ਇਸ ਕੰਮ ਤੇ ਆਉਣ ਵਾਲੇ ਖਰਚੇ ਦੀ ਪ੍ਰਵਾਨਗੀ ਲਈ ਤਜਵੀਜ ਹਾਊਸ ਦੇ ਵਿਚਾਰ ਹਿੱਤ।

| | |
|---|---|
| **ਮਤਾ ਨੰਬਰ 108:** | **ਪ੍ਰਵਾਨ ਹੈ।** |

**ਏਜੰਡਾ ਨੰਬਰ 9 :**

ਦਫਤਰੀ ਰਿਪੋਰਟ ਕਿ ਨਗਰ ਨਿਗਮ ਵੱਲੋਂ ਆਪਣੇ ਮਤਾ ਨੰਬਰ 109 ਮਿਤੀ 08.02.2019 ਰਾਹੀਂ ਜੋਗਰ ਪਾਰਕ ਵਿਖੇ ਵਾਟਰ ਟੈਂਕ ਨੰਬਰ 4 ਪਾਸ ਕੰਮਿਊਨਿਟੀ ਹਾਲ ਬਨਾਉਣਾ ਪਾਸ ਕੀਤਾ ਗਿਆ ਸੀ। ਇਸ ਉਪਰੰਤ ਨਗਰ ਸੁਧਾਰ ਟਰੱਸਟ ਬਠਿੰਡਾ ਵੱਲੋਂ ਇਸ ਜਗ੍ਹਾ ਤੇ ਸਰਕਾਰ ਪਾਸੋਂ ਪ੍ਰਾਪਤ ਗਰਾਂਟ 65.00 ਲੱਕ ਰੁਪਏ ਦੀ ਲਾਗਤ ਨਾਲ ਕੰਮਿਊਨਿਟੀ ਸੈਂਟਰ ਦੀ ਉਸਾਰੀ ਕੀਤੀ ਗਈ ਸੀ। ਇਸ ਕੰਮਿਊਨਿਟੀ ਸੈਂਟਰ ਨੂੰ ਨਗਰ ਸੁਧਾਰ ਟਰੱਸਟ ਵੱਲੋਂ ਆਪਣੇ ਪੱਤਰ ਨੰਬਰ 1438 ਮਿਤੀ 26.07.2021 ਰਾਹੀਂ ਨਗਰ ਨਿਗਮ ਨੂੰ ਟੇਕ ਓਵਰ ਕਰਨ ਸਬੰਧੀ ਲਿਖਿਆ ਗਿਆ ਸੀ। ਨਗਰ ਨਿਗਮ ਵੱਲੋਂ ਇਸ ਕੰਮਿਊਨਿਟੀ ਸੈਂਟਰ ਨੂੰ ਮਤਾ ਨੰਬਰ 49 ਮਿਤੀ 27.08.2021 ਰਾਹੀਂ ਡਿਵੈਲਪਮੈਂਟ ਐਂਡ ਵੈਲਫੇਅਰ ਸੋਸਾਇਟਿ ਰਜਿ: ਹਜ਼ੂਰਾ ਕਪੂਰਾ ਕਲੋਨੀ ਨੂੰ ਚਲਾਉਣ ਅਤੇ ਰੱਖ-ਰਖਾਵ ਲਈ ਦੇਣਾ ਪ੍ਰਵਾਨ ਕੀਤਾ ਗਿਆ ਸੀ। ਪਰ ਇਸ ਸਬੰਧੀ ਮਾਨਯੋਗ ਸਥਾਨਕ ਸਰਕਾਰ ਜੀ ਦੇ ਪੱਤਰ ਨੰ: ਸ5-ਮਸਸ-2021/40076 ਮਿਤੀ 27.09.2021 ਰਾਹੀਂ 49 ਨੰਬਰ ਮਤੇ ਸਬੰਧੀ ਪੁੱਛਿਆ ਗਿਆ ਹੈ ਕਿ **ਕੰਮਿਊਨਿਟੀ ਸੈਂਟਰ ਨੂੰ ਚਲਾਉਣ ਲਈ ਕਿਸੇ ਸੋਸਾਇਟੀ ਨੂੰ ਦੇਣ ਨਾਲ ਨਗਰ ਨਿਗਮ ਨੂੰ ਜਿਆਦਾ ਵਿੱਤੀ ਫਾਇਦਾ ਹੋਵੇਗਾ ਜਾਂ ਨਗਰ ਨਿਗਮ ਆਪਣੇ ਪੱਧਰ ਤੇ ਇਸ ਕੰਮਿਊਨਿਟੀ ਸੈਂਟਰ ਨੂੰ ਚਲਾਵੇ ਤਾਂ ਜਿਆਦਾ ਵਿੱਤੀ ਫਾਇਦਾ ਹੋਵੇਗਾ?** ਉਕਤ ਤੋਂ ਇਲਾਵਾ ਮਾਨਯੋਗ ਕੋਂਸਲਰ ਵੱਲੋਂ ਕੰਮਿਊਨਿਟੀ ਹਾਲ ਵਿੱਚ ਬਿਜਲੀ ਦੇ ਕੁਨੈਕਸ਼ਨ ਲੈਣ ਲਈ ਬਾਰ-ਬਾਰ ਮੰਗ ਕੀਤੀ ਜਾ ਰਹੀ ਹੈ।

ਇਸ ਸਬੰਧੀ ਹੇਠ ਲਿਖੇ ਅਨੁਸਾਰ ਤਜਵੀਜ ਕੀਤੀ ਜਾਂਦੀ ਹੈ:-

1. ਨਗਰ ਨਿਗਮ ਵੱਲੋਂ ਉਕਤ ਕੰਮਿਊਨਿਟੀ ਸੈਂਟਰ ਲਈ ਕਿਸੇ ਵੀ ਸਮਾਗਮ ਵਾਸਤੇ ਇੱਕ ਫੀਸ ਨਿਰਧਾਰਤ ਕਰਕੇ ਆਪਣੇ ਪੱਧਰ ਤੇ ਚਲਾ ਲਿਆ ਜਾਵੇ।
2. ਨਗਰ ਨਿਗਮ ਵੱਲੋਂ ਕਿਸੇ ਵੀ ਨਿਰਧਾਰਤ ਕੀਤੇ ਰੇਟਾਂ ਦੇ ਉੱਤੇ ਇਹ ਕੰਮਿਊਨਿਟੀ ਸੈਂਟਰ ਕਿਸੇ ਆਉਟਸੋਰਸ ਏਜੰਸੀ ਨੂੰ ਇੱਕ ਸਾਲ ਜਾਂ ਇਸ ਤੋਂ ਵੱਧ ਸਮੇਂ ਲਈ ਦੇ ਦਿੱਤਾ ਜਾਵੇ।

ਇਸ ਲਈ ਉਚਿਤ ਹੋਵੇਗਾ ਕਿ ਉਕਤ ਅਨੁਸਾਰ ਤਜਵੀਜਾਂ ਨੂੰ ਵਿਚਾਰਨ ਅਤੇ ਰੇਟ ਨਿਰਧਾਰਤ ਕਰਨ ਦੇ ਨਾਲ-ਨਾਲ ਕੰਮਿਊਨਿਟੀ ਸੈਂਟਰ ਵਿਖੇ ਬਿਜਲੀ ਦੇ ਮੀਟਰ ਦਾ ਬਿੱਲ ਭਰਨ ਵਾਸਤੇ ਹਾਊਸ ਪਾਸ ਭੇਜ ਕੇ ਉਕਤ ਸਬੰਧੀ ਯੋਗ ਫੈਸਲਾ ਲੈ ਲਿਆ ਜਾਵੇ।

ਰਿਪੋਰਟ ਨਿਗਮ ਹਾਊਸ ਵਿੱਚ ਵਿਚਾਰਣ ਅਤੇ ਲੋੜੀਂਦੀ ਪ੍ਰਵਾਨਗੀ ਹਿੱਤ ਪੇਸ਼ ਹੈ ਜੀ।

| | |
|---|---|
| **ਮਤਾ ਨੰਬਰ 109:** | **ਪਾਸ ਕੀਤਾ ਜਾਂਦਾ ਹੈ ਕਿ ਨਗਰ ਨਿਗਮ ਵੱਲੋਂ ਫੀਸ ਨਿਰਧਾਰਤ ਕਰਕੇ ਕੰਮਿਊਨਿਟੀ ਸੈਂਟਰ ਆਪਣੇ ਪੱਧਰ ਤੇ ਚਲਾਇਆ ਜਾਵੇ। ਇਹ ਵੀ ਪਾਸ ਕੀਤਾ ਜਾਂਦਾ ਹੈ ਕਿ ਵਾਰਡ ਦੇ ਸਬੰਧਤ ਕੋਂਸਲਰ ਨੂੰ ਮੈਂਬਰ ਰੱਖਿਆ ਜਾਵੇ।** |

**ਏਜੰਡਾ ਨੰਬਰ 10 :**

ਦਫਤਰੀ ਰਿਪੋਰਟ ਕਿ ਨਗਰ ਨਿਗਮ ਬਠਿੰਡਾ ਵਿੱਚ ਕੰਮ ਕਰ ਰਹੇ ਸਮੂਹ ਕਲੱਰਕ-ਕਮ-ਡਾਟਾ ਐਂਟਰੀ ਆਪਰੇਟਰਜ਼ ਵੱਲੋਂ ਬੇਨਤੀ ਕੀਤੀ ਗਈ ਹੈ ਕਿ ਉਹ ਨਗਰ ਨਿਗਮ ਬਠਿੰਡਾ ਵਿਖੇ ਪਿਛਲੇ ਲੰਬੇ ਸਮੇਂ ਤੋਂ ਦਫਤਰ ਦੀਆਂ ਵੱਖ-ਵੱਖ ਬਰਾਂਚਾਂ ਵਿੱਚ ਕਲੱਰਕ-ਕਮ-ਡਾਟਾ ਐਂਟਰੀ ਆਪਰੇਟਰ ਕੰਮ ਕਰ ਰਹੇ ਹਨ। ਕਰੋਨਾ ਮਹਾਮਾਰੀ ਦੋਰਾਨ ਉਹਨਾਂ ਵੱਲੋਂ ਆਪਣੀ ਡਿਊਟੀ ਪੂਰੀ ਤਨਦੇਹੀ ਨਾਲ ਨਿਭਾਈ ਗਈ ਹੈ। ਇਸ ਮਹਿੰਗਾਈ ਦੇ ਜਮਾਨੇ ਵਿੱਚ ਘੱਟ ਤਨਖਾਹ ਤੇ ਗੁਜ਼ਾਰਾ ਕਰਨਾ ਬੜਾ ਮੁਸ਼ਕਿਲ ਹੈ ਅਤੇ ਕਈ ਅਜਿਹੇ ਕਰਮਚਾਰੀ ਹਨ, ਜਿੰਨ੍ਹਾ ਦੀ ਸਰਕਾਰੀ ਨੋਕਰੀ ਵਿੱਚ ਅਪਲਾਈ ਕਰਨ ਦੀ ਉਮਰ ਵੀ ਲੰਘ ਚੁੱਕੀ ਹੈ। ਸਰਕਾਰ ਦੀ ਨਵੀਂ ਪਾਲਿਸੀ ਅਨੁਸਾਰ ਦਰਜ਼ਾ-4 ਮੁਲਾਜ਼ਮਾਂ ਨੂੰ ਮੁਬਲਿਗ 18000/- ਰੁਪਏ ਪ੍ਰਤੀ ਮਹੀਨਾ ਦਿੱਤਾ ਜਾ ਰਿਹਾ ਹੈ ਅਤੇ ਦਰਜ਼ਾ-3 ਮੁਲਾਜ਼ਮਾਂ ਨੂੰ ਸਰਕਾਰ ਦੀ ਨਵੀਂ ਪਾਲਿਸੀ ਅਨੁਸਾਰ ਮੁਬਲਿਗ 19900/- ਰੁਪਏ ਬੇਸਿਕ ਪੇ ਦਿੱਤੀ ਜਾ ਰਹੀ ਹੈ। ਇਸ ਲਈ ਸਮੂਹ ਕਲੱਰਕ-ਕਮ-ਡਾਟਾ ਐਂਟਰੀ ਆਪਰੇਟਰਾਂ ਵੱਲੋਂ ਵੀ ਇਹ ਬੇਨਤੀ ਕੀਤੀ ਗਈ ਹੈ ਕਿ ਉਹਨਾਂ ਦੀ ਕੈਟੇਗਰੀ ਅਨੁਸਾਰ ਉਹਨਾਂ ਦੀ ਬਰਾਬਰ ਕੰਮ ਬਰਾਬਰ ਤਨਖਾਹ ਕੀਤੀ ਜਾਵੇ ਜੀ। ਉਕਤ ਅਨੁਸਾਰ ਰਿਪੋਰਟ ਹਾਊਸ ਦੇ ਵਿਚਾਰ ਹਿੱਤ।

| | |
|---|---|
| **ਮਤਾ ਨੰਬਰ 110:** | **ਪਾਸ ਕੀਤਾ ਜਾਂਦਾ ਹੈ ਕਿ ਇਸ ਸਬੰਧੀ ਸਰਕਾਰ ਦੇ ਨਿਯਮਾਂ ਅਨੁਸਾਰ ਨਿਰਧਾਰਤ ਡੀ.ਸੀ. ਰੇਟਾਂ ਤੇ ਤਨਖਾਹ ਦਿੱਤੀ ਜਾਵੇ।** |

**ਏਜੰਡਾ ਨੰਬਰ 11 :**

ਰਿਪੋਰਟ ਪ੍ਰਾਪਰਟੀ ਟੈਕਸ ਸ਼ਾਖਾ ਕਿ ਪੰਜਾਬ ਸਰਕਾਰ ਵੱਲੋਂ ਸਾਲ 2013-14 ਵਿੱਚ ਹਾਊਸ ਟੈਕਸ ਦੀ ਥਾਂ ਸਵੈ-ਅਸੈਸਮੈਂਟ ਪ੍ਰਣਾਲੀ ਰਾਹੀਂ ਪ੍ਰਾਪਰਟੀ ਟੈਕਸ ਲਾਗੂ ਕੀਤਾ ਗਿਆ ਸੀ। ਉਸ ਸਮੇਂ ਨਗਰ ਨਿਗਮ ਬਠਿੰਡਾ ਨੂੰ ਬੀ-ਕੈਟੇਗਰੀ ਵਿੱਚ ਰੱਖਿਆ ਗਿਆ ਸੀ। ਬੀ-ਕੈਟੇਗਰੀ ਵਾਲੇ ਸ਼ਹਿਰਾਂ ਨੂੰ 2 ਖੇਤਰਾਂ ਵਿੱਚ ਵੰਡਿਆ ਗਿਆ ਸੀ। 'ਖੇਤਰ 1' ਵਿੱਚ ਸ਼ਹਿਰ ਦਾ ਸ਼ਾਨਦਾਰ/ਵਿਕਸਿਤ ਇਲਾਕਾ ਲਿਆ ਗਿਆ ਸੀ ਅਤੇ ਬਾਕੀ ਸ਼ਹਿਰ 'ਖੇਤਰ 2' ਵਿੱਚ ਰੱਖਿਆ ਗਿਆ ਸੀ। ਮਾਨਯੋਗ ਕਮਿਸ਼ਨਰ ਸਾਹਿਬ ਵੱਲੋਂ ਹਦਾਇਤ ਪ੍ਰਾਪਤ ਹੋਈ ਹੈ ਕਿ ਸ਼ਹਿਰ ਦੇ 'ਖੇਤਰ 2' ਵਿੱਚੋਂ ਜੋ ਖੇਤਰ ਸ਼ਾਨਦਾਰ/ਵਿਕਸਿਤ ਹੋ ਚੁੱਕਿਆ ਹੈ, ਉਸ ਖੇਤਰ ਨੂੰ 'ਖੇਤਰ 1' ਵਿੱਚ ਸ਼ਾਮਿਲ ਕੀਤਾ ਜਾਵੇ। ਮਿਤੀ 17.05.2022 ਨੂੰ ਨਿਮਨ ਹਸਤਾਖਰ ਨੇ ਸੁਪਰਡੰਟ ਸ਼੍ਰੀ ਰਵੀ ਕੁਮਾਰ ਲੂਣਾ ਅਤੇ ਸੁਪਰਡੰਟ ਸ਼੍ਰੀ ਪ੍ਰਦੀਪ ਸਿੰਘ ਜੀ ਨਾਲ ਇਸ ਸਬੰਧੀ 'ਖੇਤਰ 2' ਵਿੱਚ ਪੈਂਦੇ ਇਲਾਕੇ ਸਬੰਧੀ ਵਿਚਾਰ ਕੀਤਾ ਗਿਆ। ਵਿਚਾਰ ਕਰਨ ਉਪਰੰਤ ਮਹਿਸੂਸ ਕੀਤਾ ਗਿਆ ਕਿ 'ਏਰੀਆ 2' ਵਿੱਚ ਪੈਂਦਾ ਏਰੀਆ ਜਿਵੇਂ ਕਿ ਤੇਲੀਆ ਵਾਲਾ ਮੁੱਹਲੇ ਤੋਂ ਧੋਬੀਘਾਟ ਨੂੰ ਚਲਦੇ ਹੋਏ ਕਿਲੇ ਦੇ ਮੇਨ ਗੇਟ ਤੱਕ, ਮੇਨ ਗੇਟ ਤੋਂ ਚਲਦੇ ਹੋਏ ਸੱਜਾ ਪਾਸ ਗੁਰਦੁਆਰਾ ਸਿੰਘ ਸਭਾ ਦੇ ਨਾਲ ਨੀਤਾ ਸਟਰੀਟ ਤੋਂ ਮਹਿਣਾ ਚੌਂਕ ਦੇ ਦੋਵੇਂ ਪਾਸੇ ਦੀਆਂ ਗਲੀਆਂ ਅਤੇ ਮਹਿਣਾ ਚੋਂਕ ਤੋਂ ਨਵੇਂ ਬੱਸ ਸਟੈਂਡ ਤੱਕ ਸੱਜੇ ਪਾਸੇ ਕੋਰਟ ਰੋਡ ਦਾ ਪਿਛਲਾ ਏਰੀਆ ਜਿਵੇਂ ਕਿ ਸੀੜੀਆਂ ਵਾਲਾ ਮੁੱਹਲਾ, ਮੁੱਹਲਾ ਗੁਰੂ ਨਾਨਕ ਪੁਰਾ, ਕਰਤਾਰ ਬਸਤੀ, ਪੂਜਾਂ ਵਾਲਾ ਮੁੱਹਲਾ, ਸਿਰਕੀ ਬਾਜਾਰ, ਸਿੰਗਲਾ ਫੈਨਸੀ ਕਲਾਥ ਹਾਊਸ ਅਤੇ ਬੀਕਾਨੇਰ ਮਿਸ਼ਠਾਨ ਭੰਡਾਰ ਤੋਂ ਲੈ ਕੇ ਮੁਲਤਾਨੀਆ ਪੁੱਲ ਤੱਕ, ਮੁਲਤਾਨੀਆ ਪੁੱਲ ਤੋਂ ਚਲਦੇ ਹੋਏ ਰਾਜਿੰਦਰਾ ਕਾਲਜ ਦੀ ਬੈਕ ਸਾਈਡ ਸ਼ਹਿਰ ਵਾਲਾ ਹਿੱਸਾ, ਰਾਜਿੰਦਰਾ ਕਾਲਜ ਦੀ ਹੱਦ ਦੇ ਨਾਲ-ਨਾਲ ਚਲਦੇ ਹੋਏ ਨਵੇਂ ਬੱਸ ਸਟੈਂਡ ਤੱਕ ਦਾ ਏਰੀਆ ਜੋ ਕਿ ਪੂਰਾ ਵਿਕਸਿਤ ਹੋ ਚੁੱਕਿਆ ਹੈ, ਨੂੰ 'ਖੇਤਰ 1' ਵਿੱਚ ਸ਼ਾਮਲ ਕੀਤਾ ਜਾ ਸਕਦਾ ਹੈ।

ਇਸ ਸਬੰਧੀ ਨਿਗਰਾਨ ਇੰਜੀਨੀਅਰ ਵੱਲੋਂ ਪੁੱਛਿਆ ਗਿਆ ਕਿ ਉਪਰੋਕਤ ਤਜਵੀਜ ਅਨੁਸਾਰ ਨਗਰ ਨਿਗਮ ਨੂੰ ਕਿੰਨਾ ਵਿੱਤੀ ਫਾਇਦਾ ਹੋਵੇਗਾ? ਬੀ ਅਤੇ ਏ ਕੈਟੇਗਰੀ ਵਿੱਚ ਕਿੰਨਾਂ ਅੰਤਰ ਹੈ?"

ਇਸ ਤੇ ਰਿਪੋਰਟ ਕੀਤੀ ਗਈ ਕਿ ਏਰੀਆ 1 ਦਾ ਰੇਟ ਏਰੀਆ 2 ਤੋਂ ਡਬਲ ਹੈ, ਜਿੰਨ੍ਹਾ ਦੀ ਡਿਟੇਲ ਫਾਇਲ ਵਿੱਚ ਨੱਥੀ ਨੋਟੀਫਿਕੇਸ਼ਨ ਵਿੱਚ ਹੈ। ਨਗਰ ਨਿਗਮ ਨੂੰ ਉਕਤ ਦਰਸਾਈ ਤਜਵੀਜ ਅਨੁਸਾਰ 40-50 ਲੱਖ ਰੁਪਏ ਆਮਦਨ ਹੋਣ ਦੀ ਸੰਭਾਵਨਾ ਹੈ ਜੀ।

ਸੋ ਜੇਕਰ ਪ੍ਰਵਾਨ ਹੋਵੇ ਤਾਂ ਉਕਤ ਅਨੁਸਾਰ 'ਖੇਤਰ 2' ਵਿੱਚ ਪੈਂਦੇ ਵਿਕਸਿਤ ਏਰੀਏ ਨੂੰ 'ਖੇਤਰ 1' ਵਿੱਚ ਸ਼ਾਮਲ ਕਰਨ ਲਈ ਕੇਸ ਹਾਊਸ ਦੇ ਵਿਚਾਰ ਹਿੱਤ।

**ਸ਼੍ਰੀ ਸੰਦੀਪ ਕੁਮਾਰ, ਕੌਂਸਲਰ ਨੇ ਇਸ ਮੱਦ ਦਾ ਵਿਰੋਧ ਕਰਦੇ ਹੋਏ ਕਿਹਾ ਕਿ ਉਹਨਾਂ ਦੇ ਵਾਰਡ ਅਤੇ ਇਸ ਵਾਰਡ ਦੇ ਨਾਲ ਲਗਦੇ ਵਾਰਡ ਨੰਬਰ 25 ਦਾ ਕੋਈ ਵੀ ਖੇਤਰ ਉਕਤ ਅਨੁਸਾਰ ਵਿਕਸਿਤ ਨਹੀਂ ਕੀਤਾ ਗਿਆ। ਇਸਤੋਂ ਇਲਾਵਾ ਇਹਨਾਂ ਵਾਰਡਾਂ ਦੀਆਂ ਗਲੀਆਂ ਬਹੁਤ ਜਿਆਦਾ ਭੀੜੀਆਂ ਹਨ ਅਤੇ ਇਹਨਾਂ ਵਿੱਚ ਜਿਆਦਾਤਰ ਗਰੀਬ ਲੋਕ ਹੀ ਰਹਿੰਦੇ ਹਨ। ਇਸ ਲਈ ਬਿਹਤਰ ਹੋਵੇਗਾ ਕਿ ਮਹਿਣਾ ਚੌਂਕ ਅਤੇ ਸਿਰਕੀ ਬਾਜਾਰ ਦੇ ਰੇਟਾਂ ਤੇ ਹੀ ਵਿਚਾਰ ਕੀਤਾ ਜਾਵੇ। ਬਾਕੀ ਦੇ ਇਲਾਕੇ ਖੇਤਰ 2 ਵਿੱਚ ਹੀ ਰੱਖੇ ਜਾਣ। ਇਸਤੇ ਸ਼੍ਰ: ਹਰਮੰਦਰ ਸਿੰਘ, ਡਿਪਟੀ ਮੇਅਰ ਨੇ ਕਿਹਾ ਕਿ ਉਕਤ ਅਨੁਸਾਰ ਨਵੇਂ ਸਿਰਿਓ ਪ੍ਰਪੋਜ਼ਲ ਤਿਆਰ ਕੀਤੀ ਜਾਵੇ।**

**ਸ਼੍ਰੀ ਸੰਦੀਪ ਕੁਮਾਰ, ਕੌਂਸਲਰ ਨੇ ਮੰਗ ਕੀਤੀ ਕਿ ਸ਼ਹਿਰ ਵਿੱਚ ਨਜਾਇਜ ਦੱਬਾਂ ਦੂਰ ਕੀਤੀਆਂ ਜਾਣ ਕਿਉਂ ਜੋ ਟ੍ਰੈਫਿਕ ਦੇ ਵੱਧਣ ਕਾਰਨ ਆਉਣ ਜਾਣ ਵਿੱਚ ਆਮ ਪਬਲਿਕ ਨੂੰ ਬਹੁਤ ਜਿਆਦਾ ਦਿੱਕਤਾਂ ਦਾ ਸਾਹਮਣਾ ਕਰਨਾ ਪੈਂਦਾ ਹੈ। ਉਹਨਾਂ ਕਈ ਲੋਕਾਂ ਵੱਲੋਂ ਬਣਾਈਆਂ ਗਈਆਂ ਨਜਾਇਜ ਥੜ੍ਹੀਆਂ ਨੂੰ ਤੋੜ੍ਹਨ ਦੀ ਮੰਗ ਕੀਤੀ, ਜਿਸ ਨਾਲ ਸ਼ਹਿਰ ਨੂੰ ਹੋਰ ਜਿਆਦਾ ਸੁੰਦਰ ਬਣਾਇਆ ਜਾ ਸਕੇ। ਇਸਤੇ ਸ਼੍ਰੀ ਬਲਜੀਤ ਸਿੰਘ ਸਰਾਂ, ਕੌਂਸਲਰ ਨੇ ਕਿਹਾ ਕਿ ਸ਼ਹਿਰ ਦੇ ਵੱਖ-ਵੱਖ ਏਰੀਆ ਦਾ ਪਲਿੰਥ ਲੈਵਲ ਚੈਕ ਕਰਕੇ ਉਸੇ ਅਨੁਸਾਰ ਹੀ ਨਗਰ ਨਿਗਮ ਵੱਲੋਂ ਨਕਸ਼ੇ ਪਾਸ ਕੀਤੇ ਜਾਣ। ਇਸ ਸਬੰਧੀ ਉਹਨਾਂ ਪ੍ਰਪੋਜ਼ਲ ਬਨਾਉਣ ਦੀ ਮੰਗ ਕੀਤੀ।**

| | |
|---|---|
| **ਮਤਾ ਨੰਬਰ 111:** | **ਪੈਡਿੰਗ ਰੱਖਿਆ ਜਾਂਦਾ ਹੈ।** |

**ਏਜੰਡਾ ਨੰਬਰ 12 :**

ਦਫਤਰੀ ਰਿਪੋਰਟ ਕਿ ਸਮੂਹ ਨਵੀਂ ਬਸਤੀ ਨਿਵਾਸੀਆਂ ਵੱਲੋਂ ਬਿਨੈ ਪੱਤਰ ਦੇ ਕੇ ਬੇਨਤੀ ਕੀਤੀ ਹੈ ਕਿ ਪਾਰਕ ਨੰਬਰ 100, ਗਲੀ ਨੰਬਰ 4-ਬੀ, ਨਵੀਂ ਬਸਤੀ ਦਾ ਨਾਮ ਤਬਦੀਲ ਕਰਕੇ ਸ਼ਹੀਦ ਬੇਅੰਤ ਸਿੰਘ ਜੀ, ਸ਼ਹੀਦ ਰਾਜੀਵ ਗਾਂਧੀ ਜੀ, ਸ਼ਹੀਦ ਸੁਖਦੇਵ ਸਿੰਘ ਜੀ ਦੇ ਨਾਮ ਤੇ ਰੱਖਿਆ ਜਾਵੇ। ਮਿਤੀ 23.06.2021 ਨੂੰ ਹੋਈ ਹਾਊਸ ਦੀ ਮੀਟਿੰਗ ਮਾਨਯੋਗ ਮੇਅਰ ਜੀ ਦੀ ਇਜਾਜਤ ਨਾਲ ਸਪਲੀਮੈਂਟਰੀ ਏਜੰਡਾ ਨੰਬਰ 1 ਰੱਖਿਆ ਗਿਆ। ਹਾਊਸ ਵੱਲੋਂ ਇਹ ਮਤਾ ਨੰਬਰ 24 ਪੈਡਿੰਗ ਰੱਖਿਆ ਗਿਆ ਹੈ ਤੇ ਉਸ ਤੋਂ ਬਾਅਦ ਮਿਤੀ 12.07.2021 ਦੀ ਜਨਰਲ ਹਾਊਸ ਮੀਟਿੰਗ ਵਿੱਚ ਸ਼੍ਰੀਮਤੀ ਰੀਨਾ ਗੁਪਤਾ ਕੌਂਸਲਰ ਵਾਰਡ ਨੰਬਰ 29 ਵੱਲੋਂ ਪਾਰਕ ਨੰਬਰ 100 ਦਾ ਨਾਮ ਸ਼ਹੀਦੇ ਆਜ਼ਮ ਸ੍ਰ: ਬੇਅੰਤ ਸਿੰਘ ਪਾਰਕ ਰੱਖਣ ਦੀ ਮੰਗ ਕੀਤੀ, ਜਿਸਦੀ ਤਾਇਦ ਸ਼੍ਰੀ ਅਸ਼ੋਕ ਕੁਮਾਰ, ਸੀਨੀਅਰ ਡਿਪਟੀ ਮੇਅਰ ਵੱਲੋਂ ਕੀਤੀ ਗਈ। ਕੇਸ ਹਾਊਸ ਦੇ ਵਿਚਾਰ ਹਿੱਤ।

| | |
|---|---|
| **ਮਤਾ ਨੰਬਰ 112:** | **ਪਾਸ ਕੀਤਾ ਜਾਂਦਾ ਹੈ ਕਿ ਪਾਰਕ ਨੰਬਰ 100, ਗਲੀ ਨੰਬਰ 4-ਬੀ, ਨਵੀਂ ਬਸਤੀ ਦਾ ਨਾਮ ਤਬਦੀਲ ਕਰਕੇ ਸ਼ਹੀਦ ਸੁਖਦੇਵ ਸਿੰਘ ਪਾਰਕ ਰੱਖਿਆ ਜਾਂਦਾ ਹੈ।** |

**ਏਜੰਡਾ ਨੰਬਰ 13 :**

ਦਫਤਰੀ ਰਿਪੋਰਟ ਕਿ ਕਰਮਚਾਰੀਆਂ ਦੇ ਕੇਸਾਂ ਤੇ ਵਿਚਾਰ ਕਰਕੇ ਕੇਸ ਨਿਗਮ ਹਾਊਸ ਵਿੱਚ ਭੇਜਣ ਸਬੰਧੀ ਬਣੀ ਸਬ-ਕਮੇਟੀ ਦੀ ਮੀਟਿੰਗ ਮਿਤੀ 16.05.2022 ਨੂੰ ਨਗਰ ਨਿਗਮ ਦਫਤਰ ਵਿਖੇ ਹੋਈ। ਮੀਟਿੰਗ ਵਿੱਚ ਹੇਠ ਲਿਖੇ ਅਨੁਸਾਰ ਕਰਮਚਾਰੀਆਂ ਦੇ ਕੇਸਾਂ ਤੇ ਵਿਚਾਰ ਕਰਨ ਉਪਰੰਤ ਫੈਸਲਾ ਦਿੱਤਾ ਗਿਆ:

1.

ਰਿਪੋਰਟ ਸਿਹਤ ਸ਼ਾਖਾ ਕਿ ਸ਼੍ਰੀ ਸੁਖਦੇਵ ਸਿੰਘ ਪੁੱਤਰ ਬਲਵੰਤ ਸਿੰਘ ਸਫਾਈ ਸੇਵਕ ਨਗਰ ਨਿਗਮ ਬਠਿੰਡਾ ਨੇ ਦਰਖਾਸਤ ਡਾਇਰੀ ਨੰ: 5135 ਮਿਤੀ 07.09.2021 ਰਾਹੀਂ ਬੇਨਤੀ ਕੀਤੀ ਹੈ ਕਿ ਮੈਨੂੰ ਸਫਾਈ ਸੇਵਕ ਤੋਂ ਸੈਨੇਟਰੀ ਸੁਪਰਵਾਈਜ਼ਰ ਪਦ ਉਨਤ ਕੀਤਾ ਜਾਵੇ। ਕਰਮਚਾਰੀ ਵੱਲੋਂ ਦਰਖਾਸਤ ਵਿਚ ਲਿਖਿਆ ਗਿਆ ਹੈ ਕਿ ਉਹ ਮਿਤੀ 28.07.2006 ਤੋਂ ਸਿਹਤ ਸਾਖਾ ਵਿਚ ਦਫਤਰੀ ਕੰਮ ਕਰ ਰਿਹਾ ਹੈ। ਕਰਮਚਾਰੀ ਦੀ ਵਿਦਿਆਕ ਯੋਗਤਾ ਬੀ.ਏ ਆਨਰਜ਼ ਹੈ ਅਤੇ ਉਸ ਵੱਲੋਂ ਆਲ ਇੰਡੀਆ ਇੰਸਟੀਚਿਊਟ ਆਫ ਲੋਕਲ ਸੈਲਫ ਗੋਰਮਿੰਟ ਮੁੰਬਈ ਰਿਜ਼ਨਲ ਸੈਂਟਰ ਮਾਨਕਵਾਲ, ਲੁਧਿਆਣਾ ਤੋਂ ਸਾਲ 2019 ਵਿਚ ਸੈਨੇਟਰੀ ਇੰਸਪੈਕਟਰ ਦਾ ਡਿਪਲੋਮਾ ਪਾਸ ਕੀਤਾ ਹੋਇਆ ਹੈ ਜੋ ਸਥਾਨਕ ਸਰਕਾਰ ਵਿਭਾਗ ਪੰਜਾਬ ਵੱਲੋਂ ਮਾਨਤਾ ਪ੍ਰਾਪਤ ਹੈ। ਕਰਮਚਾਰੀ ਸੈਨੇਟਰੀ ਸੁਪਰਵਾਈਜ਼ਰ ਦੀ ਆਸਾਮੀ ਤੇ ਪਦ ਉਨਤੀ ਦੀਆਂ ਸਾਰੀਆਂ ਸ਼ਰਤਾ ਪੂਰੀਆ ਕਰਦਾ ਹੈ। ਇਸ ਤੋਂ ਇਲਾਵਾ ਕਰਮਚਾਰੀ ਵੱਲੋਂ ਇਹ ਵੀ ਲਿਖਿਆ ਹੈ ਕਿ ਨਗਰ ਨਿਗਮ ਬਠਿੰਡਾ ਵੱਲੋਂ ਪਹਿਲਾਂ ਵੀ ਦਰਜਾ-4 ਕਰਮਚਾਰੀਆਂ ਨੂੰ ਬਤੌਰ ਸੈਨੇਟਰੀ ਸੁਪਰਵਾਈਜ਼ਰ ਉਕਤ ਡਿਪਲੋਮਾ ਦੇ ਆਧਾਰ ਤੇ ਹੀ ਪਦ ਉਨਤ ਕੀਤਾ ਗਿਆ ਹੈ। ਉਸ ਸਮੇਂ ਕਰਮਚਾਰੀ ਵੱਲੋਂ ਵੀ ਸੈਨੇਟਰੀ ਸੁਪਰਵਾਈਜ਼ਰ ਪਦ ਉਨਤ ਕਰਨ ਲਈ ਰਸੀਟ ਨੰ: 7391 ਮਿਤੀ 14.11.2019 ਰਾਹੀਂ ਅਰਜੀ ਦਿੱਤੀ ਗਈ ਸੀ ਪਰੰਤੂ ਸੈਨੇਟਰੀ ਸੁਪਰਵਾਈਜ਼ਰ ਦੀ ਆਸਾਮੀ ਖਾਲੀ ਨਾ ਹੋਣ ਕਾਰਣ ਇਸ ਤੱਰਕੀ ਨੂੰ ਪੈਂਡਿੰਗ ਰੱਖ ਦਿੱਤਾ ਗਿਆ ਸੀ। ਹੁਣ ਨਗਰ ਨਿਗਮ ਬਠਿੰਡਾ ਵਿਖੇ ਸੈਨੇਟਰੀ ਸੁਪਰਵਾਈਜਰਜ਼ ਦੀਆਂ 2 ਆਸਾਮੀਆ ਖਾਲੀ ਹੋ ਚੁੱਕੀਆ ਹਨ। ਇੱਥੇ ਇਹ ਦੱਸਣਯੋਗ ਹੈ ਕਿ ਇਹਨਾਂ ਅਸਾਮੀਆਂ ਵਿਚੋਂ ਇਕ ਅਸਾਮੀ ਜਨਰਲ ਅਤੇ ਇਕ ਅਨੁਸੂਚਿਤ ਜਾਤੀ ਲਈ ਰਾਖਵੀਂ ਹੈ। ਸਥਾਨਕ ਸਰਕਾਰ ਪੰਜਾਬ ਚੰਡੀਗੜ੍ਹ ਜੀ ਵੱਲੋਂ ਪੱਤਰ ਨੰ: ਸ1-ਡਸਸ-ਮਸਸ-2021/540 ਮਿਤੀ 09.12.2021 ਨੂੰ ਸ਼੍ਰੀ ਰਵੀ ਕੁਮਾਰ ਸੈਨੇਟਰੀ ਸੁਪਰਵਾਈਜ਼ਰ ਤੋਂ ਸੈਨੇਟਰੀ ਇੰਸਪੈਕਟਰ ਪੱਦ-ਉਨਤ ਹੋ ਚੁੱਕਾ ਹੈ ਜੋ ਕਿ ਅਨੁਸੂਚਿਤ ਜਾਤੀ ਨਾਲ ਸਬੰਧਤ ਹੈ। ਇਸ ਤਰ੍ਹਾ  ਨਗਰ ਨਿਗਮ ਵਿਖੇ ਸੈਨੇਟਰੀ ਸੁਪਰਵਾਈਜ਼ਰ ਦੀਆ 2 ਅਸਾਮੀਆਂ ਖਾਲੀ ਹਨ। ਇਸ ਸਬੰਧੀ ਸ਼੍ਰੀ ਸੁਖਦੇਵ ਸਿੰਘ ਪੁੱਤਰ ਬਲਵੰਤ ਸਿੰਘ ਸਫਾਈ ਸੇਵਕ ਦਰਜ਼ਾ-4 ਮੁਲਾਜਮਾਂ ਦੀ ਅੰਤਿਮ ਸੀਨੀਆਰਤਾ ਸੂਚੀ ਵਿਚ 10 ਵੇ ਨੰਬਰ ਤੇ ਹੈ ਅਤੇ ਉਹਨਾਂ ਮੁਲਾਜਮਾਂ ਵਿਚੋਂ ਕਰਮਚਾਰੀ ਸੈਨੇਟਰੀ ਇੰਸਪੈਕਟਰ ਡਿਪਲੋਮਾ ਪਾਸ ਕੀਤਾ ਹੋਇਆ ਹੈ।

ਉਕਤ ਸਬੰਧੀ ਡਿਪਟੀ ਕੰਟਰੋਲਰ (ਵਿੱਤ ਤੇ ਲੇਖਾ), ਨਗਰ ਨਿਗਮ ਬਠਿੰਡਾ ਨੇ ਮਾਨਯੋਗ ਕਮਿਸ਼ਨਰ ਸਾਹਿਬ ਨਾਲ ਹੋਈ ਗੱਲਬਾਤ ਅਨੁਸਾਰ ਸ਼੍ਰੀ ਸੁਖਦੇਵ ਸਿੰਘ, ਸਫਾਈ ਸੇਵਕ ਵੱਲੋਂ ਸੈਨਟਰੀ ਸੁਪਰਵਾਇਜ਼ਰ ਪਦ-ਉਨੱਤ ਕਰਨ ਲਈ ਦਿੱਤੀ ਦਰਖਾਸਤ ਤੇ ਰਿਪੋਰਟ ਕੀਤੀ ਹੈ ਕਿ ਨਿਗਮ ਵਿਖੇ ਪਹਿਲਾਂ ਵੀ ਸੈਨਟਰੀ ਸੁਪਰਵਾਇਜ਼ਰਜ਼ ਪਦ-ਉਨੱਤ ਕੀਤੇ ਗਏ ਹਨ। ਉਹਨਾਂ ਦੀ ਪਦ-ਉਨੱਤੀ ਲਈ ਯੋਗਤਾ ਦਰਜ਼ਾ-4 ਕਰਮਚਾਰੀ ਦਾ ਮੈਟ੍ਰਿਕ ਪਾਸ ਅਤੇ ਸੈਨਟਰੀ ਇੰਸਪੈਕਟਰ ਦਾ ਕੋਰਸ ਪਾਸ ਹੋਣਾ ਵਿਚਾਰਿਆ ਗਿਆ ਸੀ। ਨਿਗਮ ਵਿਖੇ ਸੈਨਟਰੀ ਸੁਪਰਵਾਇਜ਼ਰਾਂ ਦੀਆਂ 12 ਆਸਾਮੀਆਂ 100% ਪਦ-ਉਨੱਤ ਕੋਟੇ ਅਧੀਨ ਪ੍ਰਵਾਨਤ ਹਨ। ਮੋਜੂਦਾ ਸਮੇਂ ਵਿੱਚ 2 ਆਸਾਮੀਆਂ (ਇੱਕ ਜਨਰਲ ਅਤੇ ਇੱਕ ਅਨੁਸੂਚਿਤ ਜਾਤੀ ਲਈ) ਖਾਲੀ ਪਈਆਂ ਹਨ। ਸ਼੍ਰੀ ਸੁਖਦੇਵ ਸਿੰਘ ਸਫਾਈ ਸੇਵਕ ਨੂੰ ਇਸ ਦਫਤਰ ਦੇ ਪੱਤਰ ਨੰ: 35 ਮਿਤੀ 24.07.2006 ਰਾਹੀਂ ਸਫਾਈ ਸੇਵਕ ਨਿਯੁਕਤ ਕੀਤਾ ਗਿਆ ਸੀ ਤੇ ਉਸਦੀ ਵਿਦਿਅਕ ਯੋਗਤਾ ਬੀ.ਏ. ਆਨਰਜ਼ ਹੈ ਅਤੇ ਉਕਤ ਅਨੁਸੂਚਿਤ ਜਾਤੀ ਨਾਲ ਸਬੰਧ ਰੱਖਦਾ ਹੈ। ਦਰਜ਼ਾ-4 ਦੀ ਸੀਨੀਅਰਤਾ ਸੂਚੀ ਅਨੁਸਾਰ ਉਕਤ 10ਵੇਂ ਨੰਬਰ ਤੇ ਹੈ। ਇਸ ਤੋਂ ਪਹਿਲਾਂ ਕਿਸੇ ਵੀ ਹੋਰ ਕਰਮਚਾਰੀ ਵੱਲੋਂ ਸੈਨਟਰੀ ਇੰਸਪੈਟਰ ਦਾ ਕੋਰਸ ਪਾਸ ਨਹੀਂ ਕੀਤਾ। ਇਸ ਤਰ੍ਹਾਂ ਦਰਖਾਸਤਕਰਤਾ ਇਸ ਆਸਾਮੀ ਲਈ ਸਾਰੀਆਂ ਸ਼ਰਤਾਂ ਪੂਰੀਆਂ ਕਰਦਾ ਹੈ।

ਸੈਨੇਟਰੀ ਸੁਪਰਵਾਈਜ਼ਰ ਦੀ ਆਸਾਮੀ ਤੇ ਪਦ ਉਨਤ ਕਰਨ ਲਈ ਮਾਨਯੋਗ ਹਾਊਸ, ਨਗਰ ਨਿਗਮ, ਬਠਿੰਡਾ ਸਮੱਰਥ ਅਥਾਰਟੀ ਹੈ। ਕਰਮਚਾਰੀ ਦਾ ਕੰਮ ਅਤੇ ਵਿਵਹਾਰ ਤੱਸਲੀਬਖਸ਼ ਹੈ। ਸੋ ਕਰਮਚਾਰੀ ਦੀ ਪ੍ਰਤੀ ਬੇਨਤੀ, ਤਜਰਬੇ ਅਤੇ ਯੋਗਤਾਵਾਂ ਨੂੰ ਮੁੱਖ ਰੱਖਦੇ ਹੋਏ 2 ਖਾਲੀ ਹੋਈਆ ਆਸਾਮੀਆਂ ਵਿਚੋਂ ਉਕਤ ਕਰਮਚਾਰੀ ਨੂੰ ਤਰੱਕੀ ਦੇਣ ਲਈ ਰਿਪੋਰਟ ਅਗਲੇਰੀ ਯੋਗ ਕਾਰਵਾਈ ਹਿੱਤ ਕੇਸ ਸਬ-ਕਮੇਟੀ ਦੇ ਵਿਚਾਰ ਹਿੱਤ।

**ਸਬ-ਕਮੇਟੀ ਦਾ ਫੈਸਲਾ :ਤਰੱਕੀ ਸਬੰਧੀ ਨਿਯਮਾਂ ਅਤੇ ਹਦਾਇਤਾਂ ਅਨੁਸਾਰ ਜੇਕਰ ਯੋਗ ਹੋਵੇ ਤਾਂ ਪਾਸ ਕਰਨ ਦੀ ਸਿਫਾਰਸ਼ ਕੀਤੀ ਜਾਂਦੀ ਹੈ।**

2.

ਦਫਤਰੀ ਰਿਪੋਰਟ ਕਿ ਸ਼੍ਰੀ ਹਰਮਿੰਦਰ ਕੁਮਾਰ, ਸੇਵਾਦਾਰ ਅਤੇ ਸ਼੍ਰੀ ਗੁਰਿੰਦਰ ਸਿੰਘ, ਸੇਵਾਦਾਰ ਵੱਲੋਂ ਦਰਖਾਸਤ ਰਾਹੀਂ ਬੇਨਤੀ ਕੀਤੀ ਗਈ ਹੈ ਕਿ ਉਨ੍ਹਾਂ ਨੂੰ ਸੇਵਾਦਾਰ ਤੋਂ ਬਤੌਰ ਵਰਕਸ ਸੁਪਰਵਾਈਜ਼ਰ ਦੀ ਤਰੱਕੀ ਦਿੱਤੀ ਜਾਵੇ। ਸੀਨੀਅਰਤਾ ਸੂਚੀ ਅਨੁਸਾਰ ਦੋਵੇਂ ਕਰਮਚਾਰੀ ਸੀਨੀਅਰ ਹਨ ਅਤੇ ਇੰਨ੍ਹਾਂ ਦੋਵੇਂ ਕਰਮਚਾਰੀਆਂ ਤੋਂ ਜਿਹੜੇ ਕਰਮਚਾਰੀ ਸੀਨੀਅਰ ਸਨ, ਉਹ ਜਾਂ ਤਾਂ ਪਦ-ਉਨੱਤ ਹੋ ਚੁੱਕੇ ਹਨ ਜਾਂ ਰਿਟਾਇਰ ਹੋ ਚੁੱਕੇ ਹਨ ਜਾਂ ਕਰਮਚਾਰੀਆਂ ਦੀ ਮੋਤ ਹੋ ਚੁੱਕੀ ਹੈ। ਸੋ, ਉਕਤ ਦੋਵੇਂ ਕਰਮਚਾਰੀਆਂ ਨੂੰ ਵਰਕਸ ਸੁਪਰਵਾਈਜ਼ਰ ਦੀ ਤਰੱਕੀ ਦਿੱਤੀ ਜਾ ਸਕਦੀ ਹੈ। ਜੇਕਰ ਪ੍ਰਵਾਨ ਹੋਵੇ ਤਾਂ ਸਬੰਧਤ ਬਰਾਂਚ ਤੋਂ ਉਕਤ ਦੋਵੇਂ ਕਰਮਚਾਰੀਆਂ ਦੇ ਕੰਮ ਅਤੇ ਇੰਨ੍ਹਾਂ ਵਿਰੁੱਧ ਲੰਬਿਤ ਵਿਜ਼ੀਲੈਂਸ/ਕਰੀਮੀਨਲ ਵਿਭਾਗੀ ਇਨਕੁਆਰੀ/ ਕੋਰਟ ਕੇਸਾਂ ਦੀ ਸੁਚਨਾਂ ਆਦਿ ਬਾਰੇ ਰਿਪੋਰਟ ਲੈਣ ਲਈ ਫਾਇਲ

ਸਬੰਧਤ ਬਰਾਂਚਾਂ ਪਾਸ ਭੇਜੀ ਗਈ। ਇਸ ਸਬੰਧੀ ਬਰਾਂਚਾਂ ਵੱਲੋਂ ਰਿਪੋਰਟ ਕੀਤੀ ਗਈ ਹੈ ਕਿ ਇੰਨ੍ਹਾਂ ਕਰਮਚਾਰੀਆਂ ਦਾ ਕੰਮ ਤਸੱਲੀਬਖਸ਼ ਹੈ।

ਇਸ ਸਬੰਧੀ ਨਿਗਰਾਨ ਇੰਜੀਨੀਅਰ ਨੇ ਰਿਪੋਰਟ ਕੀਤੀ ਹੈ ਕਿ "Pl. comment about the legality and availability of work under posts. Put up clear recommendations for MC House resolution".

ਇਸ ਸਬੰਧੀ ਡਿਪਟੀ ਕੰਟਰੋਲਰ (ਵਿੱਤ ਤੇ ਲੇਖਾ), ਨਗਰ ਨਿਗਮ ਬਠਿੰਡਾ ਵੱਲੋਂ ਰਿਪੋਰਟ ਕੀਤੀ ਗਈ ਹੈ ਕਿ ਨਗਰ ਨਿਗਮ ਬਠਿੰਡਾ ਵਿਖੇ 2 ਵਰਕਸ ਸੁਪਰਵਾਈਜ਼ਰਾਂ ਦੀਆਂ ਪੋਸਟਾਂ ਖਾਲੀ ਹਨ। ਸੋ, ਦੋਵੇਂ ਕਰਮਚਾਰੀਆਂ ਨੂੰ ਸੇਵਾਦਾਰ ਤੋਂ ਬਤੌਰ ਵਰਕਸ ਸੁਪਰਵਾਈਜ਼ਰ ਪਦ-ਉਨੱਤ ਕਰਨ ਲਈ ਕੇਸ ਸਬ-ਕਮੇਟੀ ਦੇ ਵਿਚਾਰ ਹਿੱਤ।

**ਸਬ-ਕਮੇਟੀ ਦਾ ਫੈਸਲਾ :ਤਰੱਕੀ ਸਬੰਧੀ ਨਿਯਮਾਂ ਅਤੇ ਹਦਾਇਤਾਂ ਅਨੁਸਾਰ ਜੇਕਰ ਯੋਗ ਹੋਵੇ ਤਾਂ ਪਾਸ ਕਰਨ ਦੀ ਸਿਫਾਰਸ਼ ਕੀਤੀ ਜਾਂਦੀ ਹੈ।**

3.

ਰਿਪੋਰਟ ਸਿਹਤ ਸ਼ਾਖਾ ਕਿ ਡਇਰੈਕਟਰ, ਸਥਾਨਕ ਸਰਕਾਰ ਵਿਭਾਗ ਪੰਜਾਬ ਚੰਡੀਗੜ੍ਹ ਜੀ ਦੇ ਪੱਤਰ ਨੰ: ਸ1-ਡਸਸ-ਮਸਸ-2021/47191-92 ਮਿਤੀ 01.12.2021, ਜੋ ਨਿਗਮ ਨੂੰ ਡਾਇਰੀ ਨੰਬਰ 3995 ਮਿਤੀ 02.12.2021 ਰਾਹੀਂ ਪ੍ਰਾਪਤ ਹੋਇਆ ਹੈ, ਜਿਸ ਵਿੱਚ ਲਿਖਿਆ ਗਿਆ ਹੈ ਕਿ ਸ਼੍ਰੀ ਸੁਖਦੀਪ ਸਿੰਘ ਪੁੱਤਰ ਲੇਟ ਸ਼੍ਰੀ ਸੁਰਜੀਤ ਸਿੰਘ, ਸਫਾਈ ਸੇਵਕ ਸਿਹਤ ਸ਼ਾਖਾ ਜਲੰਧਰ ਵੱਲੋਂ ਨਗਰ ਨਿਗਮ ਜਲੰਧਰ ਤੋਂ ਨਗਰ ਨਿਗਮ ਬਠਿੰਡਾ ਵਿਖੇ ਬਦਲੀ ਕਰਨ ਦੀ ਬੇਨਤੀ ਕੀਤੀ ਹੈ। ਕਰਮਚਾਰੀ ਦੇ ਬੇਨਤੀ ਪੱਤਰ ਵਿੱਚ ਲਿਖਿਆ ਹੈ ਕਿ ਇਹ ਕਰਮਚਾਰੀ ਹੈਂਡੀਕੈਪ ਕੋਟੇ (ਗੂੰਗਾ ਬੋਲਾ) ਵਿੱਚ ਮਿਤੀ 21.11.2017 ਨੂੰ ਬਤੌਰ ਸਫਾਈ ਸੇਵਕ ਨਿਯੁਕਤ ਹੋਇਆ ਸੀ। ਇਹ ਮੁਕਤਸਰ ਦਾ ਰਹਿਣ ਵਾਲਾ ਹੈ ਅਤੇ ਇਸ ਦੇ ਪਿਤਾ ਦੀ ਮੋਤ ਹੋ ਚੁੱਕੀ ਹੈ ਅਤੇ ਮਾਤਾ ਅਕਸਰ ਬੀਮਾਰ ਰਹਿੰਦੇ ਹਨ। ਉਹਨਾਂ ਦੀ ਦੇਖਭਾਲ ਕਰਨ ਵਾਲਾ ਘਰ ਵਿੱਚ ਕੋਈ ਨਹੀਂ ਹੈ ਅਤੇ ਕਰਮਚਾਰੀ ਦਾ ਆਪਣੀ ਮਾਤਾ ਕੋਲ ਰਹਿਣਾ ਬਹੁਤ ਜਰੂਰੀ ਹੈ। ਇਸ ਲਈ ਕਰਮਚਾਰੀ ਦੀ ਬਦਲੀ ਨਗਰ ਨਿਗਮ ਜਲੰਧਰ ਤੋਂ ਨਗਰ ਨਿਗਮ ਬਠਿੰਡਾ ਵਿਖੇ ਕੀਤੀ ਜਾਵੇ। ਸਫਾਈ ਸੇਵਕ ਦੀ ਆਸਾਮੀ ਗੈਰ-ਪ੍ਰਾਂਤੀਕਰਨ ਕਾਡਰ ਦੀ ਹੋਣ ਕਾਰਨ ਬਦਲੀ ਦੂਸਰੀ ਨਗਰ ਨਿਗਮ ਵਿਖੇ ਨਹੀਂ ਕੀਤੀ ਜਾ ਸਕਦੀ। ਪਰੰਤੂ ਜੇਕਰ ਦੋਵੇਂ ਨਗਰ ਨਿਗਮਾਂ ਕਰਮਚਾਰੀ ਦੀ ਪ੍ਰਤੀ ਬੇਨਤੀ ਅਨੁਸਾਰ ਹਾਊਸ ਵਿੱਚ ਮਤਾ ਪਾ ਕੇ ਸਹਿਮਤੀ ਦੇਣ ਤਾਂ ਬਦਲੀ ਹੋ ਸਕਦੀ ਹੈ। ਸੋ ਕਰਮਚਾਰੀ ਦੀ ਪ੍ਰਾਪਤ ਹੋਈ ਪ੍ਰਤੀ ਬੇਨਤੀ ਨੂੰ ਮੁੱਖ ਰੱਖਦੇ ਹੋਏ ਬਦਲੀ ਸਬੰਧੀ ਸਹਿਮਤੀ ਦੇ ਤੋਰ ਤੇ ਹਾਊਸ ਵਿੱਚ ਮਤਾ ਪਾਉਣ ਲਈ ਰਿਪੋਰਟ ਸਬ-ਕਮੇਟੀ ਦੇ ਵਿਚਾਰ ਹਿੱਤ।

**ਸਬ-ਕਮੇਟੀ ਦਾ ਫੈਸਲਾ :ਸਬ-ਕਮੇਟੀ ਦੇ ਸਮੂਹ ਮੈਂਬਰ ਸਾਹਿਬਾਨਾਂ ਵੱਲੋਂ ਸਰਵ-ਸੰਮਤੀ ਨਾਲ ਇਹ ਫੈਸਲਾ ਕੀਤਾ ਜਾਂਦਾ ਹੈ ਕਿ ਹੈਂਡੀਕੈਪ ਕਰਮਚਾਰੀਆਂ ਤੋਂ ਕੋਈ ਕੰਮ ਨਹੀਂ ਲਿਆ ਜਾ ਸਕਦਾ। ਇਹ ਨਗਰ ਨਿਗਮ ਤੇ ਵਾਧੂ ਵਿੱਤੀ ਬੋਝ ਹੋ ਸਕਦੇ ਹਨ। ਇਸ ਲਈ ਰੱਦ ਕਰਨ ਦੀ ਸਿਫਾਰਸ਼ ਕੀਤੀ ਜਾਂਦੀ ਹੈ।**

4.

ਦਫਤਰੀ ਰਿਪੋਰਟ ਕਿ ਸਵ: ਸੁਨੀਲ ਕੁਮਾਰ ਪੁੱਤਰ ਪੂਰਨ ਚੰਦ, ਨਗਰ ਨਿਗਮ ਬਠਿੰਡਾ ਵਿਖੇ ਬਤੌਰ ਸਫਾਈ ਸੇਵਕ ਕੰਮ ਕਰਦਾ ਸੀ । ਜਿਸ ਦੀ ਮਿਤੀ 20.03.2021 ਨੂੰ ਮੌਤ ਹੋ ਗਈ ਸੀ। ਮ੍ਰਿਤਕ ਕਰਮਚਾਰੀ ਦੇ ਪੁੱਤਰ ਸ਼੍ਰੀ ਸ਼ੁਭਮ ਪੁੱਤਰ ਸਵ: ਸੁਨੀਲ ਕੁਮਾਰ ਨੇ ਦਰਖਾਸਤ ਰਾਂਹੀ ਬੇਨਤੀ ਕੀਤੀ ਹੈ ਕਿ ਉਸਨੂੰ ਉਸਦੇ ਪਿਤਾ ਦੀ ਮੌਤ ਤੋਂ ਬਾਅਦ ਤਰਸ ਦੇ ਆਧਾਰ ਤੇ ਨੌਕਰੀ ਦਿੱਤੀ ਜਾਵੇ। ਸ਼੍ਰੀ ਸ਼ੁਭਮ ਪੁੱਤਰ ਸਵ: ਸੁਨੀਲ ਕੁਮਾਰ ਵਲੋ ਪੇਸ਼ ਹਲਫੀਆ ਬਿਆਨ ਅਨੁਸਾਰ ਉਸਦੇ ਪਰਿਵਾਰ ਵਿੱਚ ਉਸ ਦੀ ਮਾਤਾ ਅਤੇ ਇਕ ਭੈਣ ਹਨ। ਹਲਫੀਆ ਬਿਆਨ ਅਨੁਸਾਰ ਉਸਦੀ ਭੈਣ ਵਿਆਹੀ ਹੋਈ ਅਤੇ ਆਪਣੇ ਘਰਬਾਰ ਵਾਲੀ ਹੈ। ਹਲਫੀਆ ਬਿਆਨ ਅਨੁਸਾਰ ਇਸ ਦੀ ਮਾਤਾ ਅਤੇ ਭੈਣ ਵੱਲੋਂ ਇਤਰਾਜਹੀਨਤਾ ਹਲਫੀਆ ਬਿਆਨ ਦਿੱਤਾ ਗਿਆ ਹੈ ਕਿ ਸ਼੍ਰੀ ਸ਼ੁਭਮ ਨੂੰ ਤਰਸ ਦੇ ਆਧਾਰ ਤੇ ਉਸਦੇ ਪਿਤਾ ਦੀ ਨੋਕਰੀ ਦਿੱਤੀ ਜਾਵੇ। । ਹਲਫੀਆ ਬਿਆਨ ਅਨੁਸਾਰ ਸ਼ੁਭਮ ਬੇਰੁਜਗਾਰ ਹੈ ਅਤੇ ਇਸ ਪਾਸ ਕਮਾਈ ਦਾ ਕੋਈ ਸਾਧਨ ਨਹੀਂ ਹੈ ਅਤੇ ਇਹ ਪੂਰੀ ਤਰ੍ਹਾ ਆਪਣੇ ਪਿਤਾ ਤੇ ਨਿਰਭਰ ਸੀ ਆਧਾਰ ਕਾਰਡ ਅਨੁਸਾਰ ਉਸਦੀ ਜਨਮ ਮਿਤੀ 13.05.1993 ਹੈ ਅਤੇ ਸ਼੍ਰੀ ਸ਼ੁਭਮ ਅਠਵੀਂ ਜਮਾਤ ਪਾਸ ਹੈ। ਇੱਥੇ ਇਹ ਦੱਸਣਯੋਗ ਹੈ ਕਿ ਮਧੂ ਬਾਲਾ ਪਤਨੀ ਸਵ: ਸੁਨੀਲ ਕੁਮਾਰ ਨਗਰ ਨਿਗਮ, ਬਠਿੰਡਾ ਵਿਖੇ ਬਤੌਰ ਰੈਗੂਲਰ ਸਫਾਈ ਸੇਵਿਕਾ ਨੋਕਰੀ ਕਰਦੀ ਹੈ।

ਪੰਜਾਬ ਮਿਊਂਸਪਲ ਦਰਜਾ ਚਾਰ ਕਰਮਚਾਰੀ ਰੂਲਜ 1986 ਅਨੁਸਾਰ ਸੇਵਾਦਾਰ ਦੀ ਆਸਾਮੀ ਲ਼ਈ ਵਿਦਿਅਕ ਯੋਗਤਾ ਅੱਠਵੀਂ ਜਮਾਤ ਪਾਸ ਹੋਵੇ। ਤਰਸ ਦੇ ਆਧਾਰ ਤੇ ਨਿਯੁਕਤੀਆਂ ਸਬੰਧੀ ਸਰਕਾਰ ਵਲੋਂ ਜਾਰੀ ਹਦਾਇਤਾਂ ਪੱਤਰ ਨੰਬਰ 11/94/2002-4ਪੀਪੀ-11/650 ਮਿਤੀ 12.01.2004 ਅਤੇ ਪੱਤਰ ਨੰਬਰ 11/105/98/04ਪੀਪੀ-14420 ਮਿਤੀ 21.11.2002 ਅਨੁਸਾਰ ਇਹ ਕੇਸ ਤਰਸ ਦੇ ਆਧਾਰ ਤੇ ਨਿਯੁਕਤੀ ਲਈ ਵਿਚਾਰਿਆ ਜਾਣਾ ਹੈ। ਸਥਾਨਕ ਸਰਕਾਰ ਵਿਭਾਗ ਦੇ ਪੱਤਰ ਨੰਬਰ 2/65/2003-।ਸਸ।/9653 ਮਿਤੀ 12/14-6-2004 ਅਨੁਸਾਰ ਨਗਰ ਨਿਗਮਾਂ ਵਿਖੇ ਗੈਰ ਪ੍ਰਾਂਤੀਕਰਨ ਅਸਾਮੀਆਂ ਲਈ ਨਿਯੁੱਕਤੀ ਦਾ ਅਧਿਕਾਰ ਸੰਬਧਤ ਨਗਰ ਨਿਗਮ ਪਾਸ ਹੈ। ਵਰਨਣਯੋਗ ਹੈ ਕਿ ਇਸ ਕੇਸ ਵਿੱਚ ਦਰਖਾਸਤ ਕਰਤਾ ਦੇ ਹਲਫੀਆ ਬਿਆਨ ਅਨੁਸਾਰ ਸ਼੍ਰੀ ਸੁਭਮ ਦੀ ਮਾਤਾ ਸਰਕਾਰੀ ਨੋਕਰੀ ਕਰਦੀ ਹੈ।

ਸ਼੍ਰੀ ਸ਼ੁਭਮ ਨੂੰ ਉਸਦੇ ਪਿਤਾ ਸਵ: ਸੁਨੀਲ ਕੁਮਾਰ ਪੁੱਤਰ ਪੂਰਨ ਚੰਦ ਸਫਾਈ ਸੇਵਕ ਦੀ ਮੌਤ ਕਾਰਨ ਖਾਲੀ ਹੋਈ ਆਸਾਮੀ ਤੇ ਤਰਸ ਦੇ ਆਧਾਰ ਤੇ ਸੇਵਾਦਾਰ ਨਿਯੁਕਤ ਕਰਨ ਵਾਸਤੇ ਕੇਸ ਸਬ-ਕਮੇਟੀ ਦੇ ਵਿਚਾਰ ਹਿੱਤ।

**ਸਬ-ਕਮੇਟੀ ਦਾ ਫੈਸਲਾ :ਦਰਖਾਸਤਕਰਤਾ ਦੇ ਸਬ-ਕਮੇਟੀ ਸਾਹਮਣੇ ਹਾਜ਼ਰ ਨਾ ਹੋਣ ਕਾਰਨ ਇਹ ਕੇਸ ਪੈਡਿੰਗ ਰੱਖਿਆ ਜਾਂਦਾ ਹੈ।**

5.

ਰਿਪੋਰਟ ਸਿਹਤ ਸ਼ਾਖਾ ਕਿ ਡਾਇਰੈਕਟੋਰੇਟ, ਸਥਾਨਕ ਸਰਕਾਰ ਵਿਭਾਗ, ਪੰਜਾਬ ਚੰਡੀਗੜ੍ਹ ਜੀ ਦੇ ਪੱਤਰ ਨੰ: ਭਰਤੀ ਸੈਲ-ਡਸਸ-2021/58 ਮਿਤੀ 28.12.2021 ਰਾਹੀਂ ਸ਼੍ਰੀਮਤੀ ਗੁਰਜੀਤ ਕੋਰ ਪੁੱਤਰੀ ਸ਼੍ਰੀ ਅਮਰੀਕ ਸਿੰਘ, ਨੇਤਰਹੀਣ, ਸਫਾਈ ਸੇਵਕ ਦੀ ਬਦਲੀ, ਨਗਰ ਨਿਗਮ ਲੁਧਿਆਣਾ ਤੋਂ ਨਗਰ ਨਿਗਮ ਬਠਿੰਡਾ ਵਿਖੇ ਕੀਤੀ ਗਈ ਹੈ। ਉਕਤ ਹੁਕਮਾਂ ਦੀ ਪਾਲਣਾਂ ਵਿੱਚ ਨਗਰ ਨਿਗਮ ਲੁਧਿਆਣਾ ਵੱਲੋਂ ਕਰਮਚਾਰਨ ਨੂੰ ਮਿਤੀ 06.01.2022 ਨੂੰ ਬਾਅਦ ਦੁਪਹਿਰ ਰਲੀਵ ਕਰ ਦਿੱਤਾ ਗਿਆ ਸੀ ਅਤੇ ਕਰਮਚਾਰਨ ਵੱਲੋਂ ਨਗਰ ਨਿਗਮ, ਬਠਿੰਡਾ ਵਿਖੇ ਮਿਤੀ 07.01.2022 ਨੂੰ ਦੁਪਹਿਰ ਤੋਂ ਪਹਿਲਾਂ ਆਪਣੀ ਹਾਜ਼ਰੀ ਰਿਪੋਰਟ ਪੇਸ਼ ਕਰ ਦਿੱਤੀ ਗਈ ਸੀ। ਇਸ ਬਦਲੀ ਦੀ ਪ੍ਰਵਾਨਗੀ ਡਾਇਰੈਕਟੋਰੇਟ, ਸਥਾਨਕ ਸਰਕਾਰ ਵਿਭਾਗ, ਪੰਜਾਬ ਚੰਡੀਗੜ੍ਹ ਜੀ ਦੇ ਪੱਤਰ ਪਿੱਠ ਅੰਕਣ ਨੰ: ਭਰਤੀ ਸੈਲ-ਡਸਸ-2021-566 ਮਿਤੀ 28.12.2021 ਦੇ ਲੜੀ ਨੰ: 1 ਅਨੁਸਾਰ ਇਸ ਸ਼ਰਤ ਤੇ ਦਿੱਤੀ ਗਈ ਹੈ ਕਿ ਇਸ ਬਦਲੀ ਕਾਰਜ਼ ਬਾਅਦ ਪ੍ਰਵਾਨਗੀ ਮਤੇ ਦੇ ਰੂਪ ਵਿੱਚ ਹਾਊਸ ਦੀ ਆਉਣ ਵਾਲੀ ਮੀਟਿੰਗ ਵਿੱਚ ਪ੍ਰਵਾਨ ਕਰਵਾਉਣਾ ਯਕੀਨੀ ਬਣਾਇਆ ਜਾਵੇ ਅਤੇ ਇਹਨਾਂ ਕਰਮਚਾਰੀਆਂ ਨੂੰ ਤੁਰੰਤ ਜੁਆਇਨ ਕਰਵਾਇਆ ਜਾਵੇ। ਚੋਣ ਜਾਬਤ ਹੋਣ ਕਰਕੇ ਹਾਊਸ ਦੀ ਮੀਟਿੰਗ ਨਹੀਂ ਹੋ ਸਕੀ ਸੀ। ਹੁਣ ਚੋਣ ਜਾਬਤਾ ਖਤਮ ਹੋ ਗਿਆ ਹੈ। ਸੋ, ਉਕਤ ਅਨੁਸਾਰ ਸ਼੍ਰੀਮਤੀ ਗੁਰਜੀਤ ਕੋਰ ਪੁੱਤਰੀ ਸ਼੍ਰੀ ਅਮਰੀਕ ਸਿੰਘ, ਨੇਤਰਹੀਣ ਸਫਾਈ ਕਰਮਚਾਰਨ ਦੀ ਬਦਲੀ ਦੀ ਪ੍ਰਵਾਨਗੀ ਲਈ ਕੇਸ ਸਬ-ਕਮੇਟੀ ਦੇ ਵਿਚਾਰ ਹਿੱਤ।

**ਸਬ-ਕਮੇਟੀ ਦਾ ਫੈਸਲਾ :ਸਬ-ਕਮੇਟੀ ਦੇ ਸਮੂਹ ਮੈਂਬਰ ਸਾਹਿਬਾਨਾਂ ਵੱਲੋਂ ਸਰਵ-ਸੰਮਤੀ ਨਾਲ ਇਹ ਫੈਸਲਾ ਕੀਤਾ ਜਾਂਦਾ ਹੈ ਕਿ ਹੈਂਡੀਕੈਪ ਕਰਮਚਾਰੀਆਂ ਤੋਂ ਕੋਈ ਕੰਮ ਨਹੀਂ ਲਿਆ ਜਾ ਸਕਦਾ। ਇਹ ਨਗਰ ਨਿਗਮ ਤੇ ਵਾਧੂ ਵਿੱਤੀ ਬੋਝ ਹੋ ਸਕਦੇ ਹਨ। ਇਸ ਲਈ ਰੱਦ ਕਰਨ ਦੀ ਸਿਫਾਰਸ਼ ਕੀਤੀ ਜਾਂਦੀ ਹੈ।**

6.

ਰਿਪੋਰਟ ਸਿਹਤ ਸ਼ਾਖਾ ਕਿ ਸਵ: ਸੋਮ ਚੰਦ ਪੁੱਤਰ ਕਿਸ਼ਨ ਲਾਲ, ਨਗਰ ਨਿਗਮ ਬਠਿੰਡਾ ਵਿਖੇ ਬਤੌਰ ਸਫਾਈ ਸੇਵਕ ਕੰਮ ਕਰਦਾ ਸੀ । ਜਿਸ ਦੀ ਮਿਤੀ 22.01.2022 ਨੂੰ ਮੌਤ ਹੋ ਗਈ ਸੀ। ਮ੍ਰਿਤਕ ਕਰਮਚਾਰੀ ਦੀ ਪਤਨੀ ਸ਼੍ਰੀਮਤੀ ਰੇਖਾ ਪਤਨੀ ਸਵ: ਸੋਮ ਚੰਦ ਨੇ ਦਰਖਾਸਤ ਰਾਂਹੀ ਬੇਨਤੀ ਕੀਤੀ ਹੈ ਕਿ ਉਸਨੂੰ ਉਸਦੇ ਪਤੀ ਦੀ ਮੌਤ ਤੋਂ ਬਾਅਦ ਤਰਸ ਦੇ ਆਧਾਰ ਤੇ ਨੌਕਰੀ ਦਿੱਤੀ ਜਾਵੇ। ਸ਼੍ਰੀਮਤੀ ਰੇਖਾ ਪਤਨੀ ਸਵ: ਸੋਮ ਚੰਦ ਵਲੋ ਪੇਸ਼ ਹਲਫੀਆ ਬਿਆਨ ਅਨੁਸਾਰ ਉਸਦੇ ਪਰਿਵਾਰ ਵਿੱਚ ਉਸਦੇ ਤਿੰਨ ਬੇਟੇ ਹਨ ਅਤੇ ਸਾਰੇ ਪਰਿਵਾਰ ਦੇ ਮੈਂਬਰ ਮ੍ਰਿਤਕ ਕਰਮਚਾਰੀ ਤੇ ਨਿਰਭਰ ਸੀ। ਹਲਫੀਆ ਬਿਆਨ ਅਨੁਸਾਰ ਪਰਿਵਾਰਿਕ ਮੈਂਬਰਾਂ (ਤਿੰਨੋ ਬੇਟੇ) ਵੱਲੋਂ ਇਤਰਾਜਹੀਨਤਾ ਹਲਫੀਆ ਬਿਆਨ ਦਿੱਤਾ ਗਿਆ ਹੈ ਕਿ ਸ਼੍ਰੀਮਤੀ ਰੇਖਾ ਨੂੰ ਤਰਸ ਦੇ ਆਧਾਰ ਤੇ ਉਸਦੇ ਪਤੀ ਦੀ ਨੋਕਰੀ ਦਿੱਤੀ ਜਾਵੇ। ਹਲਫੀਆ ਬਿਆਨ ਅਨੁਸਾਰ ਸ਼੍ਰੀਮਤੀ ਰੇਖਾ ਬੇਰੁਜਗਾਰ ਹੈ ਅਤੇ ਇਸ ਪਾਸ ਕਮਾਈ ਦਾ ਕੋਈ ਸਾਧਨ ਨਹੀਂ ਹੈ। ਇਸ ਤੋਂ ਇਲਾਵਾ ਇਸ ਪਾਸ ਕੋਈ ਚੱਲ ਅਚੱਲ ਸੰਪਤੀ ਨਹੀਂ ਹੈ ਅਤੇ ਹਲਫੀਆ ਬਿਆਨ ਅਨੁਸਾਰ ਸ਼੍ਰੀਮਤੀ ਰੇਖਾ ਦੇ ਪਰਿਵਾਰ ਵਿਚ ਕੋਈ ਮੈਂਬਰ ਸਰਕਾਰੀ ਜਾਂ ਗੈਰ ਸਰਕਾਰੀ ਨੋਕਰੀ ਨਹੀਂ ਕਰਦਾ ਹੈ। ਆਧਾਰ ਕਾਰਡ ਅਨੁਸਾਰ ਉਸਦੀ ਜਨਮ ਮਿਤੀ 01.01.1983 ਹੈ ਅਤੇ ਸ਼੍ਰੀਮਤੀ ਰੇਖਾ ਪੜਣਾ ਲਿਖਣਾ ਜਾਣਦੀ ਹੈ।

ਪੰਜਾਬ ਮਿਊਂਸਪਲ ਦਰਜਾ ਚਾਰ ਕਰਮਚਾਰੀ ਰੂਲਜ 1984 ਅਨੁਸਾਰ ਸਫਾਈ ਸੇਵਕ ਦੀ ਆਸਾਮੀ ਲ਼ਈ ਵਿਦਿਅਕ ਯੋਗਤਾ ਪੜਨਾ-ਲਿਖਣਾ ਜਾਣਦਾ ਹੋਵੇ। ਤਰਸ ਦੇ ਆਧਾਰ ਤੇ ਨਿਯੁਕਤੀਆਂ ਸਬੰਧੀ ਸਰਕਾਰ ਵਲੋਂ ਜਾਰੀ ਹਦਾਇਤਾਂ ਪੱਤਰ ਨੰਬਰ 11/94/2002-4ਪੀਪੀ-11/650 ਮਿਤੀ 12.01.2004 ਅਤੇ ਪੱਤਰ ਨੰਬਰ 11/105/98/04ਪੀਪੀ-14420 ਮਿਤੀ 21.11.2002 ਅਨੁਸਾਰ ਇਹ ਕੇਸ ਤਰਸ ਦੇ ਆਧਾਰ ਤੇ ਨਿਯੁਕਤੀ ਲਈ ਕੇਸ ਵਿਚਾਰਿਆ ਜਾਣਾ ਹੈ। ਸਥਾਨਕ ਸਰਕਾਰ ਵਿਭਾਗ ਦੇ ਪੱਤਰ ਨੰਬਰ 2/65/2003-।ਸਸ।/9653 ਮਿਤੀ 12/14-6-2004 ਅਨੁਸਾਰ ਨਗਰ ਨਿਗਮਾਂ ਵਿਖੇ ਗੈਰ ਪ੍ਰਾਂਤੀਕਰਨ ਅਸਾਮੀਆਂ ਲਈ ਨਿਯੁੱਕਤੀ ਦਾ ਅਧਿਕਾਰ ਸੰਬਧਤ ਨਗਰ ਨਿਗਮ ਪਾਸ ਹੈ। ਇਸ ਲਈ ਸ਼੍ਰੀਮਤੀ ਰੇਖਾ ਨੂੰ ਉਸਦੇ ਪਤੀ ਸਵ: ਸੋਮ ਚੰਦ ਪੁੱਤਰ ਕਿਸ਼ਨ ਲਾਲ ਸਫਾਈ ਸੇਵਕ ਦੀ ਮੌਤ ਕਾਰਨ ਖਾਲੀ ਹੋਈ ਆਸਾਮੀ ਤੇ ਤਰਸ ਦੇ ਆਧਾਰ ਤੇ ਸਫਾਈ ਸੇਵਿਕਾ ਨਿਯੁਕਤ ਕਰਨ ਵਾਸਤੇ ਕੇਸ ਵਿਚਾਰ ਕਰਨ ਅਤੇ ਫੈਸਲਾ ਲੈਣ ਲਈ ਅਗਲੇਰੀ ਲੋੜੀਂਦੀ ਕਾਰਵਾਈ ਕਰਨ ਲਈ ਸਬ-ਕਮੇਟੀ ਦੇ ਵਿਚਾਰ ਹਿੱਤ ਪੇਸ਼ ਹੈ ਜੀ।

ਸਬ-ਕਮੇਟੀ ਦਾ ਫੈਸਲਾ : ਨਿਯਮਾਂ ਅਤੇ ਹਦਾਇਤਾਂ ਅਨੁਸਾਰ ਜੇਕਰ ਯੋਗ ਹੋਵੇ ਤਾਂ ਪਾਸ ਕਰਨ ਦੀ ਸਿਫਾਰਸ਼ ਕੀਤੀ ਜਾਂਦੀ ਹੈ।

7.

ਰਿਪੋਰਟ ਸਿਹਤ ਸ਼ਾਖਾ ਕਿ ਸਵ: ਰਾਜ ਕੁਮਾਰ ਪੁੱਤਰ ਕਿਸ਼ਨੂੰ ਰਾਮ, ਨਗਰ ਨਿਗਮ ਬਠਿੰਡਾ ਵਿਖੇ ਬਤੌਰ ਸਫਾਈ ਸੇਵਕ ਕੰਮ ਕਰਦਾ ਸੀ । ਜਿਸ ਦੀ ਮਿਤੀ 11.08.2021 ਨੂੰ ਮੌਤ ਹੋ ਗਈ ਸੀ। ਮ੍ਰਿਤਕ ਕਰਮਚਾਰੀ ਦੇ ਪੁੱਤਰ ਸ਼੍ਰੀ ਆਕਾਸ਼ ਪੁੱਤਰ ਰਾਜ ਕੁਮਾਰ ਨੇ ਦਰਖਾਸਤ ਰਾਂਹੀ ਬੇਨਤੀ ਕੀਤੀ ਹੈ ਕਿ ਉਸਨੂੰ ਉਸਦੇ ਪਿਤਾ ਦੀ ਮੌਤ ਤੋਂ

ਬਾਅਦ ਤਰਸ ਦੇ ਆਧਾਰ ਤੇ ਨੌਕਰੀ ਦਿੱਤੀ ਜਾਵੇ। ਸ਼੍ਰੀ ਆਕਾਸ਼ ਪੁੱਤਰ ਰਾਜ ਕੁਮਾਰ ਵਲੋ ਪੇਸ਼ ਹਲਫੀਆ ਬਿਆਨ ਅਨੁਸਾਰ ਉਸਦੇ ਪਰਿਵਾਰ ਵਿੱਚ ਉਸ ਦੀ ਮਾਤਾ, ਦੋ ਭਰਾ, ਦੋ ਭੈਣਾਂ ਅਤੇ ਦਾਦੀ ਹਨ ਅਤੇ ਸਾਰੇ ਪਰਿਵਾਰ ਦੇ ਮੈਂਬਰ ਮੇਰੇ ਪਿਤਾ ਜੀ ਦੇ ਨਿਰਭਰ ਸੀ। ਹਲਫੀਆ ਬਿਆਨ ਅਨੁਸਾਰ ਪਰਿਵਾਰਿਕ ਮੈਂਬਰਾਂ ਵੱਲੋਂ ਇਤਰਾਜਹੀਨਤਾ ਹਲਫੀਆ ਬਿਆਨ ਦਿੱਤਾ ਗਿਆ ਹੈ ਕਿ ਸ਼੍ਰੀ ਆਕਾਸ਼ ਨੂੰ ਤਰਸ ਦੇ ਆਧਾਰ ਤੇ ਉਸਦੇ ਪਿਤਾ ਦੀ ਨੋਕਰੀ ਦਿੱਤੀ ਜਾਵੇ। । ਹਲਫੀਆ ਬਿਆਨ ਅਨੁਸਾਰ ਸ਼੍ਰੀ ਆਕਾਸ਼ ਬੇਰੁਜਗਾਰ ਹੈ ਅਤੇ ਇਸ ਪਾਸ ਕਮਾਈ ਦਾ ਕੋਈ ਸਾਧਨ ਨਹੀਂ ਹੈ। ਸ਼੍ਰੀ ਆਕਾਸ਼ ਪਾਸ ਆਪਣੇ ਪਿਤਾ ਦਾ 100 ਗਜ ਦਾ ਮਕਾਨ ਹੈ। ਇਸ ਤੋਂ ਇਲਾਵਾ ਇਸ ਪਾਸ ਕੋਈ ਚੱਲ ਅਚੱਲ ਸੰਪਤੀ ਨਹੀਂ ਹੈ। ਆਧਾਰ ਕਾਰਡ ਅਨੁਸਾਰ ਉਸਦੀ ਜਨਮ ਮਿਤੀ 21.05.1999 ਹੈ ਅਤੇ ਸ਼੍ਰੀ ਆਕਾਸ਼ ਪੜਣਾ ਲਿਖਣਾ ਜਾਣਦਾ ਹੈ। ਇੱਥੇ ਇਹ ਦੱਸਣਯੋਗ ਹੈ ਕਿ ਸ਼੍ਰੀ ਆਕਾਸ਼ ਦੀ ਮਾਤਾ ਸ਼੍ਰੀਮਤੀ ਰਾਧਾ ਪਤਨੀ ਰਾਜ ਕੁਮਾਰ ਨਗਰ ਨਿਗਮ, ਬਠਿੰਡਾ ਵਿਖੇ ਬਤੋਰ ਰੈਗੂਲਰ ਸਫਾਈ ਸੇਵਕਾਂ ਕੰਮ ਕਰਦੀ ਹੈ।

ਪੰਜਾਬ ਮਿਊਂਸਪਲ ਦਰਜਾ ਚਾਰ ਕਰਮਚਾਰੀ ਰੂਲਜ 1984 ਅਨੁਸਾਰ ਸਫਾਈ ਸੇਵਕ ਦੀ ਆਸਾਮੀ ਲ਼ਈ ਵਿਦਿਅਕ ਯੋਗਤਾ ਪੜਨਾ-ਲਿਖਣਾ ਜਾਣਦਾ ਹੋਵੇ। ਤਰਸ ਦੇ ਆਧਾਰ ਤੇ ਨਿਯੁਕਤੀਆਂ ਸਬੰਧੀ ਸਰਕਾਰ ਵਲੋਂ ਜਾਰੀ ਹਦਾਇਤਾਂ ਪੱਤਰ ਨੰਬਰ 11/94/2002-4ਪੀਪੀ-11/650 ਮਿਤੀ 12.01.2004 ਅਤੇ ਪੱਤਰ ਨੰਬਰ 11/105/98/04ਪੀਪੀ-14420 ਮਿਤੀ 21.11.2002 ਅਨੁਸਾਰ ਇਹ ਕੇਸ ਤਰਸ ਦੇ ਆਧਾਰ ਤੇ ਨਿਯੁਕਤੀ ਲਈ ਕੇਸ ਵਿਚਾਰਿਆ ਜਾਣਾ ਹੈ। ਸਥਾਨਕ ਸਰਕਾਰ ਵਿਭਾਗ ਦੇ ਪੱਤਰ ਨੰਬਰ 2/65/2003-।ਸਸ।/9653 ਮਿਤੀ 12/14-6-2004 ਅਨੁਸਾਰ ਨਗਰ ਨਿਗਮਾਂ ਵਿਖੇ ਗੈਰ ਪ੍ਰਾਂਤੀਕਰਨ ਅਸਾਮੀਆਂ ਲਈ ਨਿਯੁੱਕਤੀ ਦਾ ਅਧਿਕਾਰ ਸੰਬਧਤ ਨਗਰ ਨਿਗਮ ਪਾਸ ਹੈ। ਇਸ ਲਈ ਸ਼੍ਰੀ ਆਕਾਸ਼ ਨੂੰ ਉਸਦੇ ਪਿਤਾ ਸ੍ਰੀ ਰਾਜ ਕੁਮਾਰ ਪੁੱਤਰ ਕਿਸ਼ਨੂੰ ਰਾਮ ਸਫਾਈ ਸੇਵਕ ਦੀ ਮੌਤ ਕਾਰਨ ਖਾਲੀ ਹੋਈ ਆਸਾਮੀ ਤੇ ਤਰਸ ਦੇ ਆਧਾਰ ਤੇ ਸਫਾਈ ਸੇਵਕ ਨਿਯੁਕਤ ਕਰਨ ਵਾਸਤੇ ਕੇਸ ਵਿਚਾਰ ਕਰਨ ਅਤੇ ਫੈਸਲਾ ਲੈਣ ਲਈ ਅਗਲੇਰੀ ਲੋੜੀਂਦੀ ਕਾਰਵਾਈ ਕਰਨ ਲਈ ਕੇਸ ਸਬ-ਕਮੇਟੀ ਦੇ ਵਿਚਾਰ ਹਿੱਤ ਪੇਸ਼ ਹੈ ਜੀ।

**ਸਬ-ਕਮੇਟੀ ਦਾ ਫੈਸਲਾ :ਦਰਖਾਸਤਕਰਤਾ ਦੇ ਸਬ-ਕਮੇਟੀ ਸਾਹਮਣੇ ਹਾਜ਼ਰ ਨਾ ਹੋਣ ਕਾਰਨ ਇਹ ਕੇਸ ਪੈਡਿੰਗ ਰੱਖਿਆ ਜਾਂਦਾ ਹੈ।**

8.

ਰਿਪੋਰਟ ਸਿਹਤ ਸ਼ਾਖਾ ਕਿ ਸਵ: ਸੰਜੀਵ ਕੁਮਾਰ ਪੁੱਤਰ ਕੱਲੂ ਰਾਮ, ਨਗਰ ਨਿਗਮ ਬਠਿੰਡਾ ਵਿਖੇ ਬਤੋਰ ਸਫਾਈ ਸੇਵਕ ਕੰਮ ਕਰਦਾ ਸੀ । ਜਿਸ ਦੀ ਮਿਤੀ 05.05.2021 ਨੂੰ ਮੌਤ ਹੋ ਗਈ ਸੀ। ਮ੍ਰਿਤਕ ਕਰਮਚਾਰੀ ਦੀ ਪਤਨੀ ਸ਼੍ਰੀਮਤੀ ਸੋਨੂੰ ਪਤਨੀ ਸੰਜੀਵ ਕੁਮਾਰ ਨੇ ਦਰਖਾਸਤ ਰਾਂਹੀ ਬੇਨਤੀ ਕੀਤੀ ਹੈ ਕਿ ਉਸਨੂੰ ਉਸਦੇ ਪਤੀ ਦੀ ਮੌਤ ਤੋਂ ਬਾਅਦ ਤਰਸ ਦੇ ਆਧਾਰ ਤੇ ਨੌਕਰੀ ਦਿੱਤੀ ਜਾਵੇ। ਸ਼੍ਰੀਮਤੀ ਸੋਨੂੰ ਪੁੱਤਰ ਸੰਜੀਵ ਕੁਮਾਰ ਵਲੋ ਪੇਸ਼ ਹਲਫੀਆ ਬਿਆਨ ਅਨੁਸਾਰ ਉਸਦੇ ਪਰਿਵਾਰ ਵਿੱਚ ਉਸ ਦੇ ਦੋ ਪੁੱਤਰ ਹਨ। ਹਲਫੀਆ ਬਿਆਨ ਅਨੁਸਾਰ ਇਕ ਪੁੱਤਰ ਵਿਆਹਿਆ ਹੋਇਆ ਹਨ। ਹਲਫੀਆ ਬਿਆਨ ਅਨੁਸਾਰ ਇਸ ਦੇ ਪੁੱਤਰਾਂ ਵੱਲੋਂ ਇਤਰਾਜਹੀਨਤਾ ਹਲਫੀਆ ਬਿਆਨ ਦਿੱਤਾ ਗਿਆ ਹੈ ਕਿ ਸ਼੍ਰੀਮਤੀ ਸੋਨੂੰ ਨੂੰ ਤਰਸ ਦੇ ਆਧਾਰ ਤੇ ਉਸਦੇ ਪਤੀ ਦੀ ਨੋਕਰੀ ਦਿੱਤੀ ਜਾਵੇ। । ਹਲਫੀਆ ਬਿਆਨ ਅਨੁਸਾਰ ਸ਼੍ਰੀਮਤੀ ਸੋਨੂੰ ਬੇਰੁਜਗਾਰ ਹੈ ਅਤੇ ਇਸ ਪਾਸ ਕਮਾਈ ਦਾ ਕੋਈ ਸਾਧਨ ਨਹੀਂ ਹੈ ਅਤੇ ਇਹ ਪੂਰੀ ਤਰ੍ਹਾ ਆਪਣੇ ਪਤੀ ਤੇ ਨਿਰਭਰ ਸੀ। ਸ਼੍ਰੀਮਤੀ ਸੋਨੂੰ ਦੇ ਪਰਿਵਾਰ ਵਿਚ ਕੋਈ ਵੀ ਮੈਂਬਰ ਸਰਕਾਰੀ ਜਾਂ ਗੈਰ ਸਰਕਾਰੀ ਨੋਕਰੀ ਨਹੀਂ ਕਰਦਾ ਹੈ। ਆਧਾਰ ਕਾਰਡ ਅਨੁਸਾਰ ਉਸਦੀ ਜਨਮ ਮਿਤੀ 01.01.1982 ਹੈ ਅਤੇ ਸ਼੍ਰੀਮਤੀ ਸੋਨੂੰ ਪੰਜਵੀਂ ਜਮਾਤ ਪਾਸ ਹੈ।

ਪੰਜਾਬ ਮਿਊਂਸਪਲ ਦਰਜਾ ਚਾਰ ਕਰਮਚਾਰੀ ਰੂਲਜ 1984 ਅਨੁਸਾਰ ਸਫਾਈ ਸੇਵਕ ਦੀ ਆਸਾਮੀ ਲ਼ਈ ਵਿਦਿਅਕ ਯੋਗਤਾ ਪੜਨਾ-ਲਿਖਣਾ ਜਾਣਦਾ ਹੋਵੇ। ਤਰਸ ਦੇ ਆਧਾਰ ਤੇ ਨਿਯੁਕਤੀਆਂ ਸਬੰਧੀ ਸਰਕਾਰ ਵਲੋਂ ਜਾਰੀ ਹਦਾਇਤਾਂ ਪੱਤਰ ਨੰਬਰ 11/94/2002-4ਪੀਪੀ-11/650 ਮਿਤੀ 12.01.2004 ਅਤੇ ਪੱਤਰ ਨੰਬਰ 11/105/98/04ਪੀਪੀ-14420 ਮਿਤੀ 21.11.2002 ਅਨੁਸਾਰ ਇਹ ਕੇਸ ਤਰਸ ਦੇ ਆਧਾਰ ਤੇ ਨਿਯੁਕਤੀ ਲਈ ਕੇਸ ਵਿਚਾਰਿਆ ਜਾਣਾ ਹੈ। ਸਥਾਨਕ ਸਰਕਾਰ ਵਿਭਾਗ ਦੇ ਪੱਤਰ ਨੰਬਰ 2/65/2003-।ਸਸ।/9653 ਮਿਤੀ 12/14-6-2004 ਅਨੁਸਾਰ ਨਗਰ ਨਿਗਮਾਂ ਵਿਖੇ ਗੈਰ ਪ੍ਰਾਂਤੀਕਰਨ ਅਸਾਮੀਆਂ ਲਈ ਨਿਯੁੱਕਤੀ ਦਾ ਅਧਿਕਾਰ ਸੰਬਧਤ ਨਗਰ ਨਿਗਮ ਪਾਸ ਹੈ। ਇਸ ਲਈ ਸ਼੍ਰੀਮਤੀ ਸੋਨੂੰ ਨੂੰ ਉਸਦੇ ਪਤੀ ਸਵ: ਸੰਜੀਵ ਕੁਮਾਰ ਪੁੱਤਰ ਕੱਲੂ ਰਾਮ ਸਫਾਈ ਸੇਵਕ ਦੀ ਮੌਤ ਕਾਰਨ ਖਾਲੀ ਹੋਈ ਆਸਾਮੀ ਤੇ ਤਰਸ ਦੇ ਆਧਾਰ ਤੇ ਸਫਾਈ ਸੇਵਿਕਾ ਨਿਯੁਕਤ ਕਰਨ ਵਾਸਤੇ ਕੇਸ ਵਿਚਾਰ ਕਰਨ ਅਤੇ ਫੈਸਲਾ ਲੈਣ ਲਈ ਅਗਲੇਰੀ ਲੋੜੀਂਦੀ ਕਾਰਵਾਈ ਕਰਨ ਲਈ ਕੇਸ ਸਬ-ਕਮੇਟੀ ਦੇ ਵਿਚਾਰ ਹਿੱਤ ਪੇਸ਼ ਹੈ ਜੀ।

**ਸਬ-ਕਮੇਟੀ ਦਾ ਫੈਸਲਾ :ਦਰਖਾਸਤਕਰਤਾ ਦੇ ਸਬ-ਕਮੇਟੀ ਸਾਹਮਣੇ ਹਾਜ਼ਰ ਨਾ ਹੋਣ ਕਾਰਨ ਇਹ ਕੇਸ ਪੈਡਿੰਗ ਰੱਖਿਆ ਜਾਂਦਾ ਹੈ।**

9.

ਰਿਪੋਰਟ ਸਿਹਤ ਸ਼ਾਖਾ ਕਿ ਸਵ:ਓਮ ਪ੍ਰਕਾਸ਼ ਪੁੱਤਰ ਹਰੀ ਰਾਮ ਨਗਰ ਨਿਗਮ ਬਠਿੰਡਾ ਵਿਖੇ ਬਤੌਰ ਸਫਾਈ ਸੇਵਕ ਕੰਮ ਕਰਦਾ ਸੀ । ਜਿਸ ਦੀ ਮਿਤੀ 15.03.2021 ਨੂੰ ਮੌਤ ਹੋ ਗਈ ਸੀ। ਮ੍ਰਿਤਕ ਕਰਮਚਾਰੀ ਦੀ ਪਤਨੀ ਸ਼੍ਰੀਮਤੀ ਪਿੰਕੀ ਪਤਨੀ ਸਵ: ਓਮ ਪ੍ਰਕਾਸ਼ ਨੇ ਦਰਖਾਸਤ ਰਾਂਹੀ ਬੇਨਤੀ ਕੀਤੀ ਹੈ ਕਿ ਉਸਨੂੰ ਉਸਦੇ ਪਤੀ ਦੀ ਮੌਤ ਤੋਂ ਬਾਅਦ ਤਰਸ ਦੇ ਆਧਾਰ ਤੇ ਨੌਕਰੀ ਦਿੱਤੀ ਜਾਵੇ। ਸ਼੍ਰੀਮਤੀ ਪਿੰਕੀ ਪਤਨੀ ਸਵ: ਓਮ ਪ੍ਰਕਾਸ਼ ਵਲੋ ਪੇਸ਼ ਹਲਫੀਆ ਬਿਆਨ ਅਨੁਸਾਰ ਉਸਦੇ ਪਰਿਵਾਰ ਵਿੱਚ ਉਸ ਦੀ ਇਕ ਬੇਟੀ ਨੇਹਾ ਹੈ ਜੋ ਵਿਆਹੀ ਹੋਈ ਹੈ। ਹਲਫੀਆ ਬਿਆਨ ਅਨੁਸਾਰ ਉਸਦੀ ਪੁੱਤਰੀ ਨੇਹਾ ਵੱਲੋਂ ਇਤਰਾਜਹੀਨਤਾ ਹਲਫੀਆ ਬਿਆਨ ਦਿੱਤਾ ਗਿਆ ਹੈ ਕਿ ਸ਼੍ਰੀਮਤੀ ਪਿੰਕੀ ਨੂੰ ਤਰਸ ਦੇ ਆਧਾਰ ਤੇ ਉਸਦੇ ਪਿਤਾ ਦੀ ਨੋਕਰੀ ਦਿੱਤੀ ਜਾਵੇ। । ਹਲਫੀਆ ਬਿਆਨ ਅਨੁਸਾਰ ਪਿੰਕੀ ਬੇਰੁਜਗਾਰ ਹੈ ਅਤੇ ਇਸ ਪਾਸ ਕਮਾਈ ਦਾ ਕੋਈ ਸਾਧਨ ਨਹੀਂ ਹੈ ਅਤੇ ਇਹ ਪੂਰੀ ਤਰ੍ਹਾ ਆਪਣੇ ਪਤੀ ਤੇ ਨਿਰਭਰ ਸੀ। ਹਲੀਫਆ ਬਿਆਨ ਅਨੁਸਾਰ ਸ੍ਰੀਮਤੀ ਪਿੰਕੀ ਪਾਸ 140 ਗਜ ਦਾ ਮਕਾਨ ਹੈ, ਇਸ ਤੋਂ ਇਲਾਵਾ ਇਸ ਪਾਸ ਕੋਈ ਚੱਲ ਅਚੱਲ ਸੰਪਤੀ ਨਹੀਂ ਹੈ ਅਤੇ ਇਸ ਦੇ ਪਰਿਵਾਰ ਵਿਚ ਕੋਈ ਵੀ ਮੈਂਬਰ ਸਰਕਾਰੀ ਜਾਂ ਗੈਰ ਸਰਕਾਰੀ ਨੋਕਰੀ ਨਹੀਂ ਕਰਦਾ ਹੈ। ਆਧਾਰ ਕਾਰਡ ਅਨੁਸਾਰ ਉਸਦੀ ਜਨਮ ਮਿਤੀ 26.06.1974 ਹੈ ਅਤੇ ਸ਼੍ਰੀਮਤੀ ਪਿੰਕੀ ਪੜ੍ਹਨਾ ਲਿਖਨਾ ਜਾਣਦੀ ਹੈ।

ਪੰਜਾਬ ਮਿਊਂਸਪਲ ਦਰਜਾ ਚਾਰ ਕਰਮਚਾਰੀ ਰੂਲਜ 1984 ਅਨੁਸਾਰ ਸਫਾਈ ਸੇਵਕ ਦੀ ਆਸਾਮੀ ਲ਼ਈ ਵਿਦਿਅਕ ਯੋਗਤਾ ਪੜਨਾ-ਲਿਖਣਾ ਜਾਣਦਾ ਹੋਵੇ। ਤਰਸ ਦੇ ਆਧਾਰ ਤੇ ਨਿਯੁਕਤੀਆਂ ਸਬੰਧੀ ਸਰਕਾਰ ਵਲੋਂ ਜਾਰੀ ਹਦਾਇਤਾਂ ਪੱਤਰ ਨੰਬਰ 11/94/2002-4ਪੀਪੀ-11/650 ਮਿਤੀ 12.01.2004 ਅਤੇ ਪੱਤਰ ਨੰਬਰ 11/105/98/04ਪੀਪੀ-14420 ਮਿਤੀ 21.11.2002 ਅਨੁਸਾਰ ਇਹ ਕੇਸ ਤਰਸ ਦੇ ਆਧਾਰ ਤੇ ਨਿਯੁਕਤੀ ਲਈ ਕੇਸ ਵਿਚਾਰਿਆ ਜਾਣਾ ਹੈ। ਸਥਾਨਕ ਸਰਕਾਰ ਵਿਭਾਗ ਦੇ ਪੱਤਰ ਨੰਬਰ 2/65/2003-।ਸਸ।/9653 ਮਿਤੀ 12/14-6-2004 ਅਨੁਸਾਰ ਨਗਰ ਨਿਗਮਾਂ ਵਿਖੇ ਗੈਰ ਪ੍ਰਾਂਤੀਕਰਨ ਅਸਾਮੀਆਂ ਲਈ ਨਿਯੁੱਕਤੀ ਦਾ ਅਧਿਕਾਰ ਸੰਬਧਤ ਨਗਰ ਨਿਗਮ ਪਾਸ ਹੈ। ਇਸ ਲਈ ਸ਼੍ਰੀਮਤੀ ਪਿੰਕੀ ਨੂੰ ਉਸਦੇ ਪਤੀ ਸਵ: ਓਮ ਪ੍ਰਕਾਸ਼ ਪੁੱਤਰ ਹਰੀ ਰਾਮ ਸਫਾਈ ਸੇਵਕ ਦੀ ਮੌਤ ਕਾਰਨ ਖਾਲੀ ਹੋਈ ਆਸਾਮੀ ਤੇ ਤਰਸ ਦੇ ਆਧਾਰ ਤੇ ਸਫਾਈ ਸੇਵਿਕਾ ਨਿਯੁਕਤ ਕਰਨ ਵਾਸਤੇ ਕੇਸ ਵਿਚਾਰ ਕਰਨ ਅਤੇ ਫੈਸਲਾ ਲੈਣ ਲਈ ਅਗਲੇਰੀ ਲੋੜੀਂਦੀ ਕਾਰਵਾਈ ਕਰਨ ਲਈ ਕੇਸ ਸਬ-ਕਮੇਟੀ ਦੇ ਵਿਚਾਰ ਹਿੱਤ ਪੇਸ਼ ਹੈ ਜੀ।

**ਸਬ-ਕਮੇਟੀ ਦਾ ਫੈਸਲਾ :ਦਰਖਾਸਤਕਰਤਾ ਦੇ ਸਬ-ਕਮੇਟੀ ਸਾਹਮਣੇ ਹਾਜ਼ਰ ਨਾ ਹੋਣ ਕਾਰਨ ਇਹ ਕੇਸ ਪੈਡਿੰਗ ਰੱਖਿਆ ਜਾਂਦਾ ਹੈ।**

10.

ਰਿਪੋਰਟ ਸਿਹਤ ਸ਼ਾਖਾ ਕਿ ਸਵ: ਲਛਮੀ ਪਤਨੀ ਪ੍ਰੇਮ ਚੰਦ, ਨਗਰ ਨਿਗਮ ਬਠਿੰਡਾ ਵਿਖੇ ਬਤੋਰ ਸਫਾਈ ਸੇਵਿਕਾ ਕੰਮ ਕਰਦੀ ਸੀ । ਜਿਸ ਦੀ ਮਿਤੀ 18.01.2022 ਨੂੰ ਮੌਤ ਹੋ ਗਈ ਸੀ। ਮ੍ਰਿਤਕ ਕਰਮਚਾਰਨ ਦੇ ਪੁੱਤਰ ਸ਼੍ਰੀ ਰਾਜਨ ਪੁੱਤਰ ਪ੍ਰੇਮ ਚੰਦ ਨੇ ਦਰਖਾਸਤ ਰਾਂਹੀ ਬੇਨਤੀ ਕੀਤੀ ਹੈ ਕਿ ਉਸਨੂੰ ਉਸਦੀ ਮਾਤਾ ਦੀ ਮੌਤ ਤੋਂ ਬਾਅਦ ਤਰਸ ਦੇ ਆਧਾਰ ਤੇ ਨੌਕਰੀ ਦਿੱਤੀ ਜਾਵੇ। ਸ਼੍ਰੀ ਰਾਜਨ ਪੁੱਤਰ ਪ੍ਰੇਮ ਚੰਦ ਵਲੋ ਪੇਸ਼ ਹਲਫੀਆ ਬਿਆਨ ਅਨੁਸਾਰ ਉਸਦੇ ਪਰਿਵਾਰ ਵਿੱਚ ਉਸ ਦੇ ਪਿਤਾ ਅਤੇ ਅੱਠ ਭੈਣਾਂ ਹਨ ਅਤੇ ਸਾਰੇ ਪਰਿਵਾਰ ਦੇ ਮੈਂਬਰ ਮੇਰੀ ਮਾਤਾ ਜੀ ਦੇ ਨਿਰਭਰ ਸੀ। ਹਲਫੀਆ ਬਿਆਨ ਅਨੁਸਾਰ ਪਰਿਵਾਰਿਕ ਮੈਂਬਰਾਂ ਵੱਲੋਂ ਇਤਰਾਜਹੀਨਤਾ ਹਲਫੀਆ ਬਿਆਨ ਦਿੱਤਾ ਗਿਆ ਹੈ ਕਿ ਸ਼੍ਰੀ ਰਾਜਨ ਨੂੰ ਤਰਸ ਦੇ ਆਧਾਰ ਤੇ ਉਸਦੀ ਮਾਤਾ ਦੀ ਨੋਕਰੀ ਦਿੱਤੀ ਜਾਵੇ। ਹਲਫੀਆ ਬਿਆਨ ਅਨੁਸਾਰ ਸ਼੍ਰੀ ਰਾਜਨ ਬੇਰੁਜਗਾਰ ਹੈ ਅਤੇ ਇਸ ਪਾਸ ਕਮਾਈ ਦਾ ਕੋਈ ਸਾਧਨ ਨਹੀਂ ਹੈ। ਇਸ ਤੋਂ ਇਲਾਵਾ ਇਸ ਪਾਸ ਕੋਈ ਚੱਲ ਅਚੱਲ ਸੰਪਤੀ ਨਹੀਂ ਹੈ। ਆਧਾਰ ਕਾਰਡ ਅਨੁਸਾਰ ਉਸਦੀ ਜਨਮ ਮਿਤੀ 07.05.2003 ਹੈ ਅਤੇ ਸ਼੍ਰੀ ਰਾਜਨ ਪੜਣਾ ਲਿਖਣਾ ਜਾਣਦਾ ਹੈ। ਇੱਥੇ ਇਹ ਦੱਸਣਯੋਗ ਹੈ ਕਿ ਸ਼੍ਰੀ ਰਾਜਨ ਦੇ ਪਿਤਾ ਸ੍ਰੀ ਪ੍ਰੇਮ ਚੰਦ ਨਗਰ ਨਿਗਮ, ਬਠਿੰਡਾ ਵਿਖੇ ਬਤੌਰ ਰੈਗੂਲਰ ਰਿਟਾਇਰਡ ਸਫਾਈ ਸੇਵਕ ਸਨ ਪਰੰਤੂ ਇਹਨਾਂ ਦੀ ਪੈਨਸ਼ਨ ਨਹੀਂ ਲੱਗੀ ਹੋਈ ਹੈ।

ਪੰਜਾਬ ਮਿਊਂਸਪਲ ਦਰਜਾ ਚਾਰ ਕਰਮਚਾਰੀ ਰੂਲਜ 1984 ਅਨੁਸਾਰ ਸਫਾਈ ਸੇਵਕ ਦੀ ਆਸਾਮੀ ਲ਼ਈ ਵਿਦਿਅਕ ਯੋਗਤਾ ਪੜਨਾ-ਲਿਖਣਾ ਜਾਣਦਾ ਹੋਵੇ। ਤਰਸ ਦੇ ਆਧਾਰ ਤੇ ਨਿਯੁਕਤੀਆਂ ਸਬੰਧੀ ਸਰਕਾਰ ਵਲੋਂ ਜਾਰੀ ਹਦਾਇਤਾਂ ਪੱਤਰ ਨੰਬਰ 11/94/2002-4ਪੀਪੀ-11/650 ਮਿਤੀ 12.01.2004 ਅਤੇ ਪੱਤਰ ਨੰਬਰ 11/105/98/04ਪੀਪੀ-14420 ਮਿਤੀ 21.11.2002 ਅਨੁਸਾਰ ਇਹ ਕੇਸ ਤਰਸ ਦੇ ਆਧਾਰ ਤੇ ਨਿਯੁਕਤੀ ਲਈ ਕੇਸ ਵਿਚਾਰਿਆ ਜਾਣਾ ਹੈ। ਸਥਾਨਕ ਸਰਕਾਰ ਵਿਭਾਗ ਦੇ ਪੱਤਰ ਨੰਬਰ 2/65/2003-।ਸਸ।/9653 ਮਿਤੀ 12/14-6-2004 ਅਨੁਸਾਰ ਨਗਰ ਨਿਗਮਾਂ ਵਿਖੇ ਗੈਰ ਪ੍ਰਾਂਤੀਕਰਨ ਅਸਾਮੀਆਂ ਲਈ ਨਿਯੁੱਕਤੀ ਦਾ ਅਧਿਕਾਰ ਸੰਬਧਤ ਨਗਰ ਨਿਗਮ ਪਾਸ ਹੈ। ਇਸ ਲਈ ਸ਼੍ਰੀ ਰਾਜਨ ਨੂੰ ਉਸਦੀ ਮਾਤਾ ਸਵ: ਲਛਮੀ ਪਤਨੀ ਪ੍ਰੇਮ ਚੰਦ ਸਫਾਈ ਸੇਵਿਕਾ ਦੀ ਮੌਤ ਕਾਰਨ ਖਾਲੀ ਹੋਈ ਆਸਾਮੀ ਤੇ ਤਰਸ ਦੇ ਆਧਾਰ ਤੇ ਸਫਾਈ ਸੇਵਕ ਨਿਯੁਕਤ ਕਰਨ ਵਾਸਤੇ ਕੇਸ ਵਿਚਾਰ ਕਰਨ ਅਤੇ ਫੈਸਲਾ ਲੈਣ ਲਈ ਅਗਲੇਰੀ ਲੋੜੀਂਦੀ ਕਾਰਵਾਈ ਲਈ ਕੇਸ ਸਬ-ਕਮੇਟੀ ਦੇ ਵਿਚਾਰ ਹਿੱਤ ਪੇਸ਼ ਹੈ ਜੀ।

**ਸਬ-ਕਮੇਟੀ ਦਾ ਫੈਸਲਾ :ਨਿਯਮਾਂ ਅਤੇ ਹਦਾਇਤਾਂ ਅਨੁਸਾਰ ਪਾਸ ਕਰਨ ਦੀ ਸਿਫਾਰਸ਼ ਕੀਤੀ ਜਾਂਦੀ ਹੈ।**

11.

ਦਫਤਰੀ ਰਿਪੋਰਟ ਕਿ ਡਾਇਰੈਕਟੋਰੇਟ, ਸਥਾਨਕ ਸਰਕਾਰ ਵਿਭਾਗ, ਪੰਜਾਬ, ਚੰਡੀਗੜ੍ਹ ਜੀ ਦੇ ਪੱਤਰ ਨੰ: ਭਰਤੀ ਸੈਲ-ਡਸਸ-2021/58 ਮਿਤੀ 28.12.2021 ਰਾਹੀਂ ਸ਼੍ਰੀ ਪਵੇਲ ਜੋਰਾ ਪੁੱਤਰ ਸ਼੍ਰੀ ਤਜਿੰਦਰ ਸਿੰਘ ਨੇਤਰਹੀਣ ਸਫਾਈ ਸੇਵਕ ਦੀ ਬਦਲੀ ਨਗਰ ਨਿਗਮ ਲੁਧਿਆਣਾ ਤੋਂ ਨਗਰ ਨਿਗਮ ਬਠਿੰਡਾ ਵਿਖੇ ਕੀਤੀ ਗਈ ਹੈ। ਉਕਤ ਹੁਕਮਾਂ ਦੀ ਪਾਲਣਾਂ ਵਿੱਚ ਨਗਰ ਨਿਗਮ ਲੁਧਿਆਣਾ ਵੱਲੋਂ ਕਰਮਚਾਰੀ ਨੂੰ ਮਿਤੀ 06.01.2022 ਨੂੰ ਬਾਅਦ ਦੁਪਹਿਰ ਰਲੀਵ ਕਰ ਦਿੱਤਾ ਗਿਆ ਸੀ ਅਤੇ ਕਰਮਚਾਰੀ ਵੱਲੋਂ ਨਗਰ ਨਿਗਮ ਬਠਿੰਡਾ ਵਿਖੇ ਮਿਤੀ 07.01.2022 ਨੂੰ ਦੁਪਹਿਰ ਤੋਂ ਪਹਿਲਾਂ ਆਪਣੀ ਹਾਜ਼ਰੀ ਰਿਪੋਰਟ ਪੇਸ਼ ਕਰ ਦਿੱਤੀ ਗਈ ਸੀ। ਇਸ ਬਦਲੀ ਦੀ ਪ੍ਰਵਾਨਗੀ ਡਾਇਰੈਕਟੋਰੇਟ, ਸਥਾਨਕ ਸਰਕਾਰ ਵਿਭਾਗ, ਪੰਜਾਬ ਚੰਡੀਘੜ ਜੀ ਦੇ ਪੱਤਰ ਪਿੱਠ ਅੰਕਣ ਨੰ: ਭਰਤੀ ਸੈਲ-ਡਸਸ-2021-566 ਮਿਤੀ 28.12.2021 ਦੇ ਲੜੀ ਨੰ: 1 ਅਨੁਸਾਰ ਇਸ ਸ਼ਰਤ ਤੇ ਦਿੱਤੀ ਗਈ ਹੈ ਕਿ ਇਸ ਬਦਲੀ ਦੀ ਕਾਰਜ ਬਾਅਦ ਪ੍ਰਵਾਨਗੀ ਮਤੇ ਦੇ ਰੂਪ ਵਿੱਚ ਹਾਊਸ ਦੀ ਆਉਣ ਵਾਲੀ ਮੀਟਿੰਗ ਵਿੱਚ ਪ੍ਰਵਾਨ ਕਰਵਾਉਣਾ ਯਕੀਨੀ ਬਣਾਇਆ ਜਾਵੇ ਅਤੇ ਇਹਨਾਂ ਕਰਮਚਾਰੀਆਂ ਨੂੰ ਤੁਰੰਤ ਜੁਆਇਨ ਕਰਵਾਇਆ ਜਾਵੇ। ਚੋਣ ਜਾਬਤਾ ਹੋਣ ਕਰਕੇ ਹਾਊਸ ਦੀ ਮੀਟਿੰਗ ਨਹੀਂ ਹੋ ਸਕੀ ਸੀ। ਹੁਣ ਚੋਣ ਜਾਬਤਾ ਖਤਮ ਹੋ ਗਿਆ ਹੈ। ਸੋ ਉਕਤ ਅਨੁਸਾਰ ਸ਼੍ਰੀ ਪਵੇਲ ਜੋਰਾ ਪੁੱਤਰ ਸ਼੍ਰੀ ਤਜਿੰਦਰ ਸਿੰਘ , ਨੇਤਰਹੀਣ, ਸਫਾਈ ਕਰਮਚਾਰੀ ਦੀ ਬਦਲੀ ਦੀ ਪ੍ਰਵਾਨਗੀ ਲਈ ਕੇਸ ਸਬ-ਕਮੇਟੀ ਦੇ ਵਿਚਾਰ ਹਿੱਤ।

**ਸਬ-ਕਮੇਟੀ ਦਾ ਫੈਸਲਾ :ਸਬ-ਕਮੇਟੀ ਦੇ ਸਮੂਹ ਮੈਂਬਰ ਸਾਹਿਬਾਨਾਂ ਵੱਲੋਂ ਸਰਵ-ਸੰਮਤੀ ਨਾਲ ਇਹ ਫੈਸਲਾ ਕੀਤਾ ਜਾਂਦਾ ਹੈ ਕਿ ਹੈਂਡੀਕੈਪ ਕਰਮਚਾਰੀਆਂ ਤੋਂ ਕੋਈ ਕੰਮ ਨਹੀਂ ਲਿਆ ਜਾ ਸਕਦਾ। ਇਹ ਨਗਰ ਨਿਗਮ ਤੇ ਵਾਧੂ ਵਿੱਤੀ ਬੋਝ ਹੋ ਸਕਦੇ ਹਨ। ਇਸ ਲਈ ਰੱਦ ਕਰਨ ਦੀ ਸਿਫਾਰਸ਼ ਕੀਤੀ ਜਾਂਦੀ ਹੈ।**

12.

ਦਫਤਰੀ ਰਿਪੋਰਟ ਕਿ ਡਾਇਰੈਕਟੋਰੇਟ, ਸਥਾਨਕ ਸਰਕਾਰ ਵਿਭਾਗ, ਪੰਜਾਬ, ਚੰਡੀਗੜ੍ਹ ਜੀ ਦੇ ਪੱਤਰ ਨੰ: ਭਰਤੀ ਸੈਲ-ਡਸਸ-2022/2200 ਮਿਤੀ 01.04.2022 ਜੋ ਨਿਗਮ ਦਫਤਰ ਨੂੰ ਡਾਇਰੀ ਨੰ: 368 ਮਿਤੀ 04.04.2022 ਰਾਹੀਂ ਪ੍ਰਾਪਤ ਹੋਇਆ ਹੈ, ਜਿਸ ਅਨੁਸਾਰ ਸ਼੍ਰੀਮਤੀ ਕਵਿਤਾ ਪੁੱਤਰੀ ਸ਼੍ਰੀ ਰਾਜਿੰਦਰ ਕੁਮਾਰ ਹਾਲ ਪਤਨੀ ਸ਼੍ਰੀ ਦਿਨੇਸ਼ ਕੁਮਾਰ ਵੱਲੋਂ ਬੇਨਤੀ ਕੀਤੀ ਗਈ ਹੈ ਕਿ ਉਕਤ ਕਰਮਚਾਰਨ ਨਗਰ ਨਿਗਮ ਅਬੋਹਰ ਵਿਖੇ ਬਤੋਰ ਸਫਾਈ ਸੇਵਿਕਾ ਕੰਮ ਕਰ ਰਹੀ ਹੈ। ਕਰਮਚਾਰਨ ਵੱਲੋਂ ਲਿਖਿਆ ਗਿਆ ਹੈ ਕਿ ਉਸਦਾ ਵਿਆਹ ਮਾਨਸਾ ਵਿਖੇ ਹੋਇਆ ਹੈ ਅਤੇ ਉਸਦੇ ਤਿੰਨ ਬੱਚੇ ਹਨ, ਜੋ ਨਾ-ਬਾਲਗ ਹਨ। ਉਸਨੂੰ ਆਉਣ-ਜਾਣ ਵਿੱਚ ਬਹੁਤ ਪਰੇਸ਼ਾਨੀ ਹੁੰਦੀ ਹੈ, ਜਿਸ ਕਾਰਨ ਉਸਨੂੰ ਬੱਚਿਆਂ ਦੀ ਦੇਖਭਾਲ ਕਰਨ ਵਿੱਚ ਦਿੱਕਤ ਆ ਰਹੀ ਹੈ। ਇਸ ਸਬੰਧੀ ਕਰਮਚਾਰਨ ਵੱਲੋਂ ਨਗਰ ਨਿਗਮ ਅਬੋਹਰ ਦੀ ਆਮ ਮੀਟਿੰਗ ਮਿਤੀ 10.12.2021 ਵਿੱਚ ਮਤਾ ਨੰ: 91 ਪ੍ਰਵਾਨ ਕਰਵਾਇਆ ਗਿਆ ਹੈ। ਚੋਣ ਜਾਬਤਾ ਹੋਣ ਕਰਕੇ ਹਾਊਸ ਦੀ ਮੀਟਿੰਗ ਨਹੀਂ ਹੋ ਸਕੀ ਸੀ। ਹੁਣ ਚੋਣ ਜਾਬਤਾ ਖਤਮ ਹੋ ਗਿਆ ਹੈ। ਇਸ ਲਈ ਉਕਤ ਨੂੰ ਮੁੱਖ ਰੱਖਦੇ ਹੋਏ ਕਰਮਚਾਰਨ ਦੀ ਬਦਲੀ ਨਗਰ ਨਿਗਮ ਅਬੋਹਰ ਤੋਂ ਨਗਰ ਨਿਗਮ ਬਠਿੰਡਾ ਵਿਖੇ ਕਰਨ ਦੀ ਪ੍ਰਵਾਨਗੀ ਲਈ ਕੇਸ ਸਬ-ਕਮੇਟੀ ਦੇ ਵਿਚਾਰ ਹਿੱਤ।

**ਸਬ-ਕਮੇਟੀ ਦਾ ਫੈਸਲਾ :ਸਬ-ਕਮੇਟੀ ਦੇ ਸਮੂਹ ਮੈਂਬਰ ਸਾਹਿਬਾਨਾਂ ਵੱਲੋਂ ਸਰਵ-ਸੰਮਤੀ ਨਾਲ ਇਹ ਫੈਸਲਾ ਕੀਤਾ ਜਾਂਦਾ ਹੈ ਕਿ ਨਗਰ ਨਿਗਮ ਬਠਿੰਡਾ ਵਿਖੇ ਫਿਲਹਾਲ ਹੋਰ ਕਰਮਚਾਰੀ ਦੀ ਲੋੜ੍ਹ ਨਹੀਂ ਹੈ। ਇਸ ਲਈ ਇਹ ਕੇਸ ਰੱਦ ਕਰਨ ਦੀ ਸਿਫਾਰਸ਼ ਕੀਤੀ ਜਾਂਦੀ ਹੈ।**

13.

ਦਫਤਰੀ ਰਿਪੋਰਟ ਕਿ ਡਾਇਰੈਕਟੋਰੇਟ, ਸਥਾਨਕ ਸਰਕਾਰ ਵਿਭਾਗ, ਪੰਜਾਬ, ਚੰਡੀਗੜ੍ਹ ਜੀ ਦੇ ਪੱਤਰ ਨੰ: ਭਰਤੀ ਸੈਲ-ਡਸਸ-2021/13 ਮਿਤੀ 02.05.2022 ਜੋ ਪਿੱਠ ਅੰਕਣ ਨੰ: ਭਰਤੀ ਸੈਲ-ਡਸਸ-2022/166 ਮਿਤੀ 02.05.2022 ਰਾਹੀਂ ਪ੍ਰਾਪਤ ਹੋਇਆ ਹੈ, ਜਿਸ ਅਨੁਸਾਰ ਸ਼੍ਰੀਮਤੀ ਵੀਨਤਾ ਕੁਮਾਰੀ (ਨੇਤਰਹੀਣ ਸਫਾਈ ਸੇਵਿਕਾ) ਦੀ ਬਦਲੀ ਨਗਰ ਨਿਗਮ ਕਪੂਰਥਲਾ ਤੋਂ ਨਗਰ ਨਿਟਮ ਬਠਿੰਡਾ ਵਿਖੇ ਕੀਤੀ ਗਈ ਹੈ। ਉਕਤ ਪੱਤਰ ਵਿੱਚ ਲਿਖਿਆ ਗਿਆ ਹੈ ਕਿ ਇਸ ਬਦਲੀ ਦੀ ਪ੍ਰਵਾਨਗੀ ਮਤੇ ਦੇ ਰੂਪ ਵਿੱਚ ਹਾਊਸ ਦੀ ਆਉਣ ਵਾਲੀ ਮੀਟਿੰਗ ਵਿੱਚ ਪ੍ਰਵਾਨ ਕਰਵਾਉਣਾ ਯਕੀਨੀ ਬਣਾਇਆ ਜਾਵੇ ਅਤੇ ਇਸ ਕਰਮਚਾਰਨ ਨੂੰ ਤੁਰੰਤ ਜੁਆਇਨ ਕਰਵਾਇਆ ਜਾਵੇ। ਉਕਤ ਹੁਕਮਾਂ ਅਨੁਸਾਰ ਕਰਮਚਾਰਨ ਨੇ ਮਿਤੀ 06.05.2022 ਨੂੰ ਦੁਪਹਿਰ ਤੋਂ ਪਹਿਲਾਂ ਨਗਰ ਨਿਗਮ ਬਠਿੰਡਾ ਵਿਖੇ ਆਪਣੀ ਹਾਜ਼ਰੀ ਰਿਪੋਰਟ ਪੇਸ਼ ਕਰ ਦਿੱਤੀ ਹੈ। ਇਸ ਲਈ ਡਾਇਰੈਕਟਰ, ਸਥਾਨਕ ਸਰਕਾਰ ਵਿਭਾਗ,ਪੰਜਾਬ ਚੰਡੀਗੜ੍ਹ ਜੀ ਦੇ ਪੱਤਰ ਦੀ ਪਾਲਣਾਂ ਕਰਦੇ ਹੋਏ ਕਰਮਚਾਰੀ ਦੀ ਬਦਲੀ ਨਗਰ ਨਿਗਮ ਕਪੂਰਥਲਾ ਤੋਂ ਨਗਰ ਨਿਗਮ ਬਠਿੰਡਾ ਵਿਖੇ ਕਰਨ ਲਈ ਕੇਸ ਸਬ-ਕਮੇਟੀ ਦੇ ਵਿਚਾਰ ਹਿੱਤ।

**ਸਬ-ਕਮੇਟੀ ਦਾ ਫੈਸਲਾ :ਸਬ-ਕਮੇਟੀ ਦੇ ਸਮੂਹ ਮੈਂਬਰ ਸਾਹਿਬਾਨਾਂ ਵੱਲੋਂ ਸਰਵ-ਸੰਮਤੀ ਨਾਲ ਇਹ ਫੈਸਲਾ ਕੀਤਾ ਜਾਂਦਾ ਹੈ ਕਿ ਹੈਂਡੀਕੈਪ ਕਰਮਚਾਰੀਆਂ ਤੋਂ ਕੋਈ ਕੰਮ ਨਹੀਂ ਲਿਆ ਜਾ ਸਕਦਾ। ਇਹ ਨਗਰ ਨਿਗਮ ਤੇ ਵਾਧੂ ਵਿੱਤੀ ਬੋਝ ਹੋ ਸਕਦੇ ਹਨ। ਇਸ ਲਈ ਰੱਦ ਕਰਨ ਦੀ ਸਿਫਾਰਸ਼ ਕੀਤੀ ਜਾਂਦੀ ਹੈ।**

14.

ਦਫਤਰੀ ਰਿਪੋਰਟ ਕਿ ਸ਼੍ਰੀ ਰਾਮ ਚੰਦ ਪੁੱਤਰ ਸ਼੍ਰੀ ਕੂੰਜੀ ਰਾਮ ਸੀਵਰਮੈਨ ਸਲਾਨਾ ਸੀਵਰੇਜ਼ ਸਕੀਮ ਬਠਿੰਡਾ ਦੇ ਵਿਰੁੱਧ ਕੰਮ ਕਰਦਾ ਸੀ। ਜਿਸ ਦੀ ਮੌਤ ਮਿਤੀ 04.11.2021 ਨੂੰ ਨੌਕਰੀ ਦੇ ਦੌਰਾਨ ਹੋ ਗਈ ਸੀ। ਮ੍ਰਿਤਕ ਕਰਮਚਾਰੀ ਦੇ ਪੁੱਤਰ ਸ਼੍ਰੀ ਰਾਜ ਕੁਮਾਰ ਪੁੱਤਰ ਮ੍ਰਿਤਕ ਸ਼੍ਰੀ ਰਾਮ ਚੰਦ ਵਲੋਂ ਆਪਣੇ ਪਿਤਾ ਦੀ ਜਗ੍ਹਾਂ ਤੇ ਤਰਸ ਦੇ ਅਧਾਰ ਤੇ ਨੌਕਰੀ ਲੱਗਣ ਲਈ ਸੀਵਰੇਜ਼ ਬੋਰਡ ਵਿਖੇ ਬਿਨੈ ਪੱਤਰ ਦਿੱਤਾ ਹੈ।ਬਿਨੈਕਾਰ ਪੰਜਵੀਂ ਪਾਸ ਹੈ। ਦਿੱਤੇ ਗਏ ਦਸਤਾਵੇਜ਼ ਅਨੁਸਾਰ ਉਸਦੀ ਜਨਮ ਮਿਤੀ 20.07.1987 ਹੈ। ਮ੍ਰਿਤਕ ਕਰਮਚਾਰੀ ਸੀਵਰੇਜ਼ ਬੋਰਡ ਦਾ ਕਰਮਚਾਰੀ ਸੀ। ਉਸਨੂੰ ਸੀਵਰੇਜ਼ ਬੋਰਡ ਵੱਲੋਂ ਭਰਤੀ ਕੀਤਾ ਗਿਆ ਸੀ। ਮ੍ਰਿਤਕ ਦੇ ਵਾਰਸ ਨੂੰ ਨੌਕਰੀ ਸੀਵਰੇਜ਼ ਬੋਰਡ ਵੱਲੋ ਦਿੱਤੀ ਜਾਣੀ ਹੈ, ਜਿਸਦੀ ਤਨਖਾਹ ਦਾ ਸਾਰਾ ਖਰਚਾ ਸੀਵਰੇਜ਼ ਸਕੀਮ ਨੂੰ ਪੈਣਾ ਹੈ। ਇਸਦੀ ਅਦਾਇਗੀ ਨਗਰ ਨਿਗਮ ਬਠਿੰਡਾ ਵੱਲੋਂ ਕੀਤੀ ਜਾਣੀ ਹੈ। ਕਾਰਜਕਾਰੀ ਇੰਜੀਨੀਅਰ, ਪੰਜਾਬ ਵ/ਸ ਅਤੇ ਸੀਵਰੇਜ਼ ਮੰਡਲ ਨੰ: 1 ਬਠਿੰਡਾ ਨੇ ਆਪਣੇ ਪੱਤਰ ਨੰ: 853 ਮਿਤੀ 24.03.2022 ਰਾਹੀਂ ਮ੍ਰਿਤਕ ਸ਼੍ਰੀ ਰਾਮ ਚੰਦ ਪੁੱਤਰ ਸ਼੍ਰੀ ਕੂੰਜੀ ਰਾਮ ਦੇ ਵਾਰਸ ਨੂੰ ਸਲਾਨਾ ਦੇਖਭਾਲ ਸੀਵਰੇਜ਼ ਸਕੀਮ ਬਠਿੰਡਾ ਦੇ ਵਿਰੁੱਧ ਮ੍ਰਿਤਕ ਦੀ ਖਾਲੀ ਹੋਈ ਪੋਸਟ ਤੇ ਬਤੌਰ ਸੀਵਰਮੈਨ ਨੂੰ ਤਰਸ ਦੇ ਆਧਾਰ ਤੇ ਰੱਖਣ ਲਈ ਸਹਿਮਤੀ ਦੇਣ ਦੀ ਮੰਗ ਕੀਤੀ ਹੈ। ਸੋ ਮ੍ਰਿਤਕ ਦੇ ਵਾਰਸ ਨੂੰ ਨੌਕਰੀ ਤੇ ਰੱਖਣ ਲਈ ਕੇਸ ਸਬ-ਕਮੇਟੀ ਦੇ ਵਿਚਾਰ ਹਿੱਤ।

**ਸਬ-ਕਮੇਟੀ ਦਾ ਫੈਸਲਾ :ਦਰਖਾਸਤਕਰਤਾ ਦੇ ਸਬ-ਕਮੇਟੀ ਦੇ ਸਾਹਮਣੇ ਹਾਜ਼ਰ ਨਾ ਹੋਣ ਕਾਰਨ ਇਹ ਕੇਸ ਪੈਡਿੰਗ ਰੱਖਿਆ ਜਾਂਦਾ ਹੈ।**

15.

ਦਫਤਰੀ ਰਿਪੋਰਟ ਕਿ ਮਾਨਯੋਗ ਪ੍ਰਮੁੱਖ ਸਕੱਤਰ, ਸਥਾਨਕ ਸਰਕਾਰ ਵਿਭਾਗ, ਪੰਜਾਬ ਜੀ ਦੇ ਹੁਕਮ ਪਿੱਠ ਅੰਕਣ ਨੰ: ਸ7-ਡਸਸ-ਮਸਸ-2021/51071 ਮਿਤੀ 31.12.2021 ਰਾਹੀਂ ਸ਼੍ਰੀ ਗਗਨਦੀਪ ਸਿੰਘ, ਲੀਗਲ ਕਲੱਰਕ ਨੂੰ ਨਗਰ ਨਿਗਮ ਜਲੰਧਰ ਤੋਂ ਨਗਰ ਨਿਗਮ ਬਠਿੰਡਾ ਵਿਖੇ ਤਬਦਲਿ ਕੀਤਾ ਗਿਆ ਹੈ। ਇਹਨਾਂ ਹੁਕਮਾਂ ਦੀ ਪਾਲਣਾਂ ਕਰਦੇ ਹੋਏ ਇਸ ਕਰਮਚਾਰੀ ਵੱਲੋਂ ਨਗਰ ਨਿਗਮ ਬਠਿੰਡਾ ਵਿਖੇ ਦੁਪਿਹਰ ਤੋਂ ਪਹਿਲਾਂ ਮਿਤੀ 04.01.2022 ਨੂੰ ਡਿਊਟੀ ਜੁਆਇਨ ਕਰ ਲਈ ਹੈ। ਉਕਤ ਹੁਕਮਾਂ ਵਿੱਚ ਇਹ ਵੀ ਆਦੇਸ਼ ਕੀਤਾ ਗਿਆ ਹੈ ਕਿ ਨਗਰ ਨਿਗਮਾਂ ਅਤੇ ਮਤੇ ਸਬੰਧੀ ਕਾਰਵਾਈ ਆਪਣੇ ਪੱਧਰ ਤੇ ਕਰਨਗੀਆਂ।

ਸ਼੍ਰੀ ਗਗਨਦੀਪ ਸਿੰਘ ਲੀਗਲ ਕਲੱਰਕ ਵੱਲੋਂ ਨਗਰ ਨਿਗਮ ਦੇ ਵੱਖ-ਵੱਖ ਕੋਰਟਾਂ ਵਿੱਚ ਚੱਲ ਰਹੇ ਲਗਭਗ 250 ਕੇਸਾਂ ਦਾ ਰਿਕਾਰਡ ਮੈਨਟੇਨ ਕੀਤਾ ਜਾ ਰਿਹਾ ਹੈ। ਇਸ ਕਰਮਚਾਰੀ ਵੱਲੋਂ ਸਰਕਾਰ ਦੀਆਂ ਹਦਾਇਤਾਂ ਅਨੁਸਾਰ ਸਰਕਾਰ ਦੇ ਕੋਰਟ ਕੇਸ ਮੋਨੀਟਰਿੰਗ ਸਿਸਟਮ ਦੇ ਪੋਰਟਲ (CCMS PORTAL) ਤੇ 160 ਕੇਸ ਅਪਲੋਡ ਕਰਨ ਉਪਰੰਤ ਆਨਲਾਈਨ ਕਰ ਦਿੱਤੇ ਹਨ। ਇਹ ਕਰਮਚਾਰੀ Law Graduate ਹੈ, ਜਿਸ ਦਾ ਕੰਮ ਅਤੇ ਵਿਵਹਾਰ ਬਹੁਤ ਚੰਗਾ ਹੈ। ਨਗਰ ਨਿਗਮ ਨੂੰ ਇਸ ਸਮੇਂ ਲੀਗਲ ਕਲੱਰਕ ਦੀ ਬਹੁਤ ਜਰੂਰਤ ਹੈ। ਦਸਣਯੋਗ ਹੈ ਕਿ ਲੀਗਲ ਕਲੱਰਕ ਦੀ ਆਸਾਮੀ ਗੈਰ-ਪ੍ਰਾਂਤੀਕਰਨ ਹੈ ਅਤੇ ਨਿਗਮ ਦਫਤਰ ਵਿਖੇ ਇਸਤੋਂ ਪਹਿਲਾਂ ਕੋਈ ਲੀਗਲ ਕਲੱਰਕ ਨਹੀਂ ਹੈ। ਕੋਰਟ ਕੇਸਾਂ ਦਾ ਕੰਮ ਜਨਰਲ ਕਲੱਰਕ ਸ਼੍ਰੀ ਬਲਵੀਰ ਸਿੰਘ ਵੱਲੋਂ ਵੇਖਿਆ ਜਾ ਰਿਹਾ ਹੈ। ਜਿਸਦੀ ਰਿਟਾਇਰਮੈਂਟ ਅਗਲੇ ਸਾਲ 2023 ਵਿੱਚ ਹੋਣੀ ਹੈ। ਸੋ ਉਕਤ ਦੇ ਮੱਦੇਨਜ਼ਰ ਰੱਖਦੇ ਹੋਏ ਮਾਨਯੋਗ ਪ੍ਰਮੁੱਖ ਸਕੱਤਰ, ਸਥਾਨਕ ਸਰਕਾਰ ਜੀ ਵੱਲੋਂ ਕੀਤੇ ਉਕਤ ਹੁਕਮਾਂ ਦੀ ਪਾਲਣਾਂ ਹਿੱਤ ਪ੍ਰਵਾਨਗੀ ਲਈ ਕੇਸ ਸਬ-ਕਮੇਟੀ ਦੇ ਵਿਚਾਰ ਹਿੱਤ।

**ਸਬ-ਕਮੇਟੀ ਦਾ ਫੈਸਲਾ :ਪਾਸ ਕਰਨ ਦੀ ਸਿਫਾਰਸ਼ ਕੀਤੀ ਜਾਂਦੀ ਹੈ।**

16.

ਸ਼੍ਰੀਮਤੀ ਪਰਮਜੀਤ ਕੋਰ, ਬੇਲਦਾਰ ਵੱਲੋਂ ਸੈਨਟਰੀ ਸੁਪਰਵਾਇਜ਼ਰ ਪਦ-ਉੱਨਤ ਕਰਨ ਲਈ ਦਿੱਤੀ ਦਰਖਾਸਤੇ ਸਬੰਧੀ ਰਿਪੋਰਟ ਕੀਤੀ ਜਾਂਦੀ ਹੈ ਕਿ ਨਿਗਮ ਵਿਖੇ ਪਹਿਲਾਂ ਵੀ ਸੈਨਟਰੀ ਸੁਪਰਵਾਇਜ਼ਰ ਪਦ-ਉੱਨਤ ਕੀਤੇ ਗਏ ਹਨ। ਉਹਨਾਂ ਦੀ ਪਦ-ਉੱਨਤੀ ਲਈ ਯੋਗਤਾ ਦਰਜ਼ਾ-4 ਕਰਮਚਾਰੀ ਦਾ ਮੈਟ੍ਰਿਕ ਪਾਸ ਅਤੇ ਸੈਨਟਰੀ ਇੰਸਪੈਕਟਰ ਦਾ ਕੋਰਸ ਪਾਸ ਹੋਣਾ ਵਿਚਾਰਿਆ ਗਿਆ ਸੀ। ਨਿਗਮ ਵਿਖੇ ਸੈਨਟਰੀ ਸੁਪਰਵਾਇਜ਼ਰ ਦੀਆਂ 12 ਆਸਾਮੀਆਂ 100% ਪਦ-ਉਨੱਤ ਕੋਟੇ ਅਧੀਨ ਪ੍ਰਵਾਨਤ ਹਨ। ਮੌਜੂਦਾ ਸਮੇਂ ਵਿੱਚ 2 ਆਸਾਮੀਆਂ (ਇੱਕ ਜਨਰਲ ਅਤੇ ਇੱਕ ਅਨੂਸੁਚਿਤ ਜਾਤੀ ਲਈ) ਖਾਲੀ ਪਈਆਂ ਹਨ। ਸ਼੍ਰੀਮਤੀ ਪਰਮਜੀਤ ਕੋਰ, ਬੇਲਦਾਰ ਨੂੰ ਇਸ ਦਫਤਰ ਦੇ ਪੱਤਰ ਨੰ: 157 ਮਿਤੀ 01.10.2010 ਰਾਹੀਂ ਬਤੌਰ ਬੇਲਦਾਰ ਨਿਯੁਕਤ ਕੀਤਾ ਗਿਆ ਸੀ ਤੇ ਉਸਦੀ ਵਿਦਿਅਕ ਯੋਗਤਾ ਮੈਟ੍ਰਿਕ ਅਤੇ ਸੈਨਟਰੀ ਇੰਸਪੈਕਟਰ ਦਾ ਡਿਪਲੋਮਾ ਹੈ। ਕਰਮਚਾਰਨ ਜਨਰਲ ਜਾਤੀ ਨਾਲ ਸਬੰਧ ਰੱਖਦੀ ਹੈ। ਪੱਤਰ ਨੰ: 8/2/2016-3ਪੀ.ਪੀ.1/124 ਮਿਤੀ 29.01.2021 ਅਨੁਸਾਰ ਵੱਖ-ਵੱਖ ਆਸਾਮੀਆਂ ਲਈ ਰਾਖਵਾਂਕਰਨ ਬਾਰੇ ਰੋਸਟਰ ਪੁਆਇੰਟ ਵਿੱਚ ਸੋਧ ਕਰਨ ਕਰਕੇ ਸ਼੍ਰੀਮਤੀ ਪਰਮਜੀਤ ਕੋਰ ਬੇਲਦਾਰ ਦਾ ਰੋਸਟਰ ਪੁਆਇੰਟ ਜਨਰਲ ਇਸਤਰੀ ਦਾ ਨੁਕਤਾ ਨੰ: 2 ਬਣਦਾ ਹੈ। ਇਸਤੋਂ ਪਹਿਲ?ਾਂ ਕਿਸੇ ਵੀ ਹੋਰ ਸੀਨੀਅਰ ਕਰਮਚਾਰੀ ਵੱਲੋਂ ਸੈਨਟਰੀ ਇੰਸਪੈਕਟਰ ਦਾ ਕੋਰਸ ਪਾਸ ਨਹੀਂ ਕੀਤਾ। ਇਸ ਤਰ੍ਹਾ ਦਰਖਾਸਤਕਰਤਾ ਇਸ ਅਸਾਮੀ ਲਈ ਸਾਰੀਆਂ ਸ਼ਰਤਾਂ ਪੂਰੀਆਂ ਕਰਦੀ ਹੈ। ਇਹ ਵੀ ਰਿਪੋਰਟ ਕੀਤੀ ਜਾਂਦੀ ਹੈ ਕਿ ਸੈਨਟਰੀ ਸੁਪਰਵਾਇਜ਼ਰ ਦੀ ਆਸਾਮੀ ਲਈ ਕੋਈ ਸਰਵਿਸ ਰੂਲ ਨਹੀਂ ਬਣੇ ਹੋਏ ਹਨ। ਪਹਿਲਾਂ ਜੋ ਪਦ-ਉਨੱਤ ਹੋਏ ਹਨ, ਉਹਨਾਂ ਦੀ ਵਿਦਿਅਕ ਯੋਗਤਾ ਮੈਟ੍ਰਿਕ ਅਤੇ ਸੈਨਟਰੀ ਇੰਸਪੈਕਟਰ ਦਾ ਡਿਪਲੋਮਾ ਹੈ। ਇਸ ਅਨੁਸਾਰ ਕੇਸ ਵਿਚਾਰਿਆ ਜਾ ਸਕਦਾ ਹੈ। ਸੋ, ਸ਼੍ਰੀਮਤੀ ਪਰਮਜੀਤ ਕੋਰ, ਬੇਲਦਾਰ ਨੂੰ ਬਤੌਰ ਸੈਨਟਰੀ ਸੁਪਰਵਾਇਜ਼ਰ ਪਦ-ਉਨੱਤ ਕਰਨ ਲਈ ਕੇਸ ਸਬ-ਕਮੇਟੀ ਦੇ ਵਿਚਾਰ ਹਿੱਤ।

**ਸਬ-ਕਮੇਟੀ ਦਾ ਫੈਸਲਾ :ਤਰੱਕੀ ਸਬੰਧੀ ਨਿਯਮਾਂ ਅਤੇ ਹਦਾਇਤਾਂ ਅਨੁਸਾਰ ਜੇਕਰ ਯੋਗ ਹੋਵੇ ਤਾਂ ਪਾਸ ਕਰਨ ਦੀ ਸਿਫਾਰਸ਼ ਕੀਤੀ ਜਾਂਦੀ ਹੈ।**

17.

ਰਿਪੋਰਟ ਓ.ਐਂਡ ਐਮ ਸ਼ਾਖਾ ਕਿ ਸ਼੍ਰੀ ਰਤਨ ਲਾਲ ਪੁੱਤਰ ਸ਼੍ਰੀ ਇਤਵਾਰੀ ਲਾਲ ਸੀਵਰਮੈਨ ਜੋ ਕਿ ਨਗਰ ਨਿਗਮ ਬਠਿੰਡਾ ਅਧੀਨ ਸਲਾਨਾ ਦੇਖਭਾਲ ਸੀਵਰੇਜ਼ ਸਕੀਮ ਬਠਿੰਡਾ ਦੇ ਵਿਰੁੱਧ ਰੈਗੂਲਰ ਫੀਲਡ ਕਰਮਚਾਰੀ ਵੱਜੋਂ ਕੰਮ ਕਰਦਾ ਸੀ। ਇਸ ਕਰਮਚਾਰੀ ਦੀ ਮਿਤੀ 24.11.2021 ਨੂੰ ਨੋਕਰੀ ਦੇ ਦੋਰਾਨ ਮੋਤ ਹੋ ਚੁੱਕੀ ਹੈ। ਮ੍ਰਿਤਕ ਕਰਮਚਾਰੀ ਦੀ ਪਤਨੀ ਸ਼੍ਰੀਮਤੀ ਬਿਮਲਾ ਦੇਵੀ ਵੱਲੋਂ ਦਿੱਤੇ ਗਏ ਬਿਆਨ ਹਲਫੀਆ ਅਤੇ ਤਹਿਸੀਲਦਾਰ ਬਠਿੰਡਾ ਦੀ ਰਿਪੋਰਟ ਅਨੁਸਾਰ ਮ੍ਰਿਤਕ ਦੇ ਪਰਿਵਾਰ ਦੇ ਹੇਠ ਦਰਸਾਏ ਵਾਰਸ ਮੈਂਬਰ ਹਨ:

| ਲੜੀ ਨੰ: | ਨਾਮ | ਮ੍ਰਿਤਕ ਨਾਲ ਰਿਸ਼ਤਾ | ਜਨਮ ਮਿਤੀ/ ਉਮਰ |
|---|---|---|---|
| 1 | ਸ਼੍ਰੀਮਤੀ ਬਿਮਲਾ ਦੇਵੀ | ਪਤਨੀ/ਵਿਧਵਾ | 51 ਸਾਲ |
| 2 | ਸ਼੍ਰੀ ਰਾਕੇਸ਼ ਕੁਮਾਰ | ਪੁੱਤਰ | 33 ਸਾਲ |
| 3 | ਸ਼੍ਰੀਮਤੀ ਜੋਤੀ ਰਾਣੀ | ਪੁੱਤਰੀ | 27 ਸਾਲ |

ਮ੍ਰਿਤਕ ਦੇ ਪਰਿਵਾਰਕ ਮੈਂਬਰਾਂ ਵਿੱਚੋਂ ਲੜੀ ਨੰ: 2 ਤੇ ਦਰਜ਼ ਸ਼੍ਰੀ ਰਾਕੇਸ਼ ਕੁਮਾਰ ਪੁੱਤਰ ਮ੍ਰਿਤਕ ਸ਼੍ਰੀ ਰਤਨ ਲਾਲ ਵੱਲੋਂ ਆਪਣੇ ਪਿਤਾ ਦੀ ਜਗ੍ਹਾ ਤੇ ਤਰਸ ਦੇ ਆਧਾਰ ਤੇ ਨੋਕਰੀ ਤੇ ਲੱਗਣ ਸਬੰਧੀ ਬਿਨੈ ਪੱਤਰ ਮਿਤੀ 18.02.2022 ਨੂੰ ਦਿੱਤਾ ਗਿਆ ਹੈ। ਲੜੀ ਨੰ: 1 ਅਤੇ 2 ਤੇ ਦਰਜ਼ ਪਰਿਵਾਰਕ ਮੈਂਬਰਾਂ ਵੱਲੋਂ ਇਸ ਸਬੰਧੀ ਕੋਈ ਇਤਰਾਜ਼ ਨਾ ਹੋਣ ਸਬੰਧੀ ਬਿਆਨ ਹਲਫੀਆ ਦਿੱਤੇ ਗਏ ਹਨ, ਜੋ ਕਿ ਜਿਲ੍ਹਾ ਮੈਜਿਸਟਰੇਟ ਬਠਿੰਡਾ ਵੱਲੋਂ ਤਸਦੀਕ ਕੀਤੇ ਗਏ ਹਨ। ਬਿਨੈਕਾਰ ਵੱਲੋਂ ਦਿੱਤੇ ਗਏ ਯੋਗਤਾ ਦੇ ਸਰਟੀਫਿਕੇਟ ਮੁਤਾਬਿਕ ਪੰਜਾਬ ਸਕੂਲ ਸਿੱਖਿਆ ਬੋਰਡ ਤੋਂ ਪੰਜਵੀਂ ਸ਼੍ਰੇਣੀ ਪ੍ਰੀਖਿਆ ਪਾਸ ਹੈ ਅਤੇ ਬਿਨੈਕਾਰ ਦੀ ਜਨਮ ਮਿਤੀ 10.08.1988 ਹੈ। ਰਾਕੇਸ਼ ਕੁਮਾਰ ਪੁੱਤਰ ਮ੍ਰਿਤਕ ਸ਼੍ਰੀ ਰਤਨ ਲਾਲ ਦੇ ਦਿੱਤੇ ਗਏ ਹਲਫੀਆ ਬਿਆਨ ਅਨੁਸਾਰ ਉਨ੍ਹਾਂ ਪਾਸ 50 ਗਜ਼ ਜਗ੍ਹਾ ਵਕਫ ਬੋਰਡ ਦੀ ਹੈ।ਇਸ ਤੋਂ ਇਲਾਵਾ ਉਨ੍ਹਾਂ ਪਾਸ ਅਚੱਲ-ਚੱਲ ਸੰਪਤੀ ਨਹੀਂ ਹੈ।ਮ੍ਰਿਤਕ ਸ਼੍ਰੀ ਰਤਨ ਲਾਲ ਪੁੱਤਰ ਸ਼੍ਰੀ ਇਤਵਾਰੀ ਲਾਲ ਦੇ ਵਾਰਸ ਨੂੰ ਸਲਾਨਾ ਦੇਖਭਾਲ ਸੀਵਰੇਜ਼ ਸਕੀਮ ਬਠਿੰਡਾ ਦੇ ਵਿਰੁੱਧ ਮ੍ਰਿਤਕ ਦੀ ਖਾਲੀ ਹੋਈ ਪੋਸਟ ਤੇ ਬਤੌਰ ਸੀਵਰਮੈਨ ਤਰਸ ਦੇ ਅਧਾਰ ਤੇ ਰੱਖਣ ਲਈ ਵਿਚਾਰ ਹਿੱਤ ਰਿਪੋਰਟ ਪੇਸ਼ ਹੈ ਜੀ।

**ਸਬ-ਕਮੇਟੀ ਦਾ ਫੈਸਲਾ :ਦਰਖਾਸਤਕਰਤਾ ਦੇ ਸਬ-ਕਮੇਟੀ ਸਾਹਮਣੇ ਹਾਜ਼ਰ ਨਾ ਹੋਣ ਕਾਰਨ ਇਹ ਕੇਸ ਪੈਂਡਿੰਗ ਰੱਖਿਆ ਜਾਂਦਾ ਹੈ।**

ਉਕਤ ਅਨੁਸਾਰ ਕੇਸ ਹਾਊਸ ਦੇ ਵਿਚਾਰ ਹਿੱਤ ਪੇਸ਼ ਹੈ ਜੀ।

| | |
|---|---|
| **ਮਤਾ ਨੰਬਰ 113:** | **ਕਰਮਚਾਰੀਆਂ ਦੇ ਕੇਸਾਂ ਨਾਲ ਸਬੰਧਤ ਸ਼ਬ-ਕਮੇਟੀ ਵੱਲੋਂ ਲਏ ਗਏ ਫੈਸਲੇ ਪ੍ਰਵਾਨ ਹਨ।** |

**ਇਸ ਉਪਰੰਤ ਸ੍ਰ: ਹਰਮੰਦਰ ਸਿੰਘ, ਡਿਪਟੀ ਮੇਅਰ ਨੇ ਕਿਹਾ ਕਿ ਪਿਛਲੇ ਸਾਲ ਕੋਵਿਡ ਦੇ ਮੱਦੇ ਨਜ਼ਰ ਸਾਲ 2021-22 ਦੋਰਾਨ ਜਨਰਲ ਹਾਊਸ ਦੀ ਮੀਟਿੰਗ ਵਿੱਚ ਵਿੱਤ ਅਤੇ ਠੇਕਾ ਕਮੇਟੀ, ਨਗਰ ਨਿਗਮ ਬਠਿੰਡਾ ਨੂੰ 1.00 ਕਰੋੜ ਰੁਪਏ ਪ੍ਰਤੀ ਠੇਕਾ ਦੇ ਹਿਸਾਬ ਨਾਲ ਵਿੱਤੀ ਮੰਨਜ਼ੂਰੀ ਦੇਣ ਸਬੰਧੀ ਮਤਾ ਪਾਸ ਕੀਤਾ ਗਿਆ ਸੀ। ਸਰਕਾਰ ਵੱਲੋਂ ਹੁਣ ਕਰੋਨਾ ਸਬੰਧੀ ਪਾਬੰਦੀਆਂ ਖਤਮ ਕਰ ਦਿੱਤੀਆਂ ਹਨ। ਇਸ ਲਈ ਉਹਨਾਂ ਅਪੀਲ ਕੀਤੀ ਕਿ ਇਸ ਮੱਦ ਨੂੰ ਡਿਸਕਸ ਕੀਤਾ ਜਾਵੇ ਅਤੇ ਉਸੇ ਅਨੁਸਾਰ ਵਿੱਤ ਅਤੇ ਠੇਕਾ ਕਮੇਟੀ, ਨਗਰ ਨਿਗਮ ਬਠਿੰਡਾ ਨੂੰ ਦਿੱਤੀ ਸ਼ਕਤੀ ਨੂੰ ਵਧਾਉਣ/ ਘਟਾਉਣ ਜਾਂ ਖਤਮ ਕਰਨ ਸਬੰਧੀ ਵਿਚਾਰ ਕੀਤਾ ਜਾਵੇ। ਉਹਨਾਂ ਇਸਨੂੰ ਟੇਬਲ ਆਇਟਮ ਬਣਾ ਕੇ ਵਿਚਾਰ ਕਰਨ ਦੀ ਬੇਨਤੀ ਕੀਤੀ।**

**ਇਸਤੇ ਵਿਚਾਰ ਕਰਦੇ ਹੋਏ ਸਮੁਚੋਂ ਹਾਊਸ ਵੱਲੋਂ ਇਸ ਮੱਦ ਨੂੰ ਟੇਬਲ ਆਇਟਮ ਬਣਾਉਂਦੇ ਹੋਏ ਵਿਚਾਰ ਕੀਤਾ ਗਿਆ।**

| | |
|---|---|
| **ਮਤਾ ਨੰਬਰ 114:** | **ਪਾਸ ਕੀਤਾ ਜਾਂਦਾ ਹੈ ਕਿ ਵਿੱਤ ਅਤੇ ਠੇਕਾ ਕਮੇਟੀ, ਨਗਰ ਨਿਗਮ ਬਠਿੰਡਾ ਨੂੰ 1.00 ਕਰੋੜ ਰੁਪਏ ਪ੍ਰਤੀ ਠੇਕਾ ਦੇ ਹਿਸਾਬ ਨਾਲ ਦਿੱਤੀ ਮੰਨਜ਼ੂਰੀ ਨੂੰ ਵਾਪਸ ਲਿਆ ਜਾਂਦਾ ਹੈ।** |

**ਸ੍ਰ: ਹਰਮੰਦਰ ਸਿੰਘ, ਡਿਪਟੀ ਮੇਅਰ ਨੇ ਕਿਹਾ ਕਿ ਕਰੋਨਾ ਮਹਾਮਾਰੀ ਦੋਰਾਨ ਤਹਿਬਾਜਾਰੀ ਸ਼ਾਖਾ ਵੱਲੋਂ ਜੋਗਰ ਪਾਰਕ ਦੇ ਸਾਈਕਲ ਸਟੈਂਡ ਦੇ ਠੇਕੇਦਾਰ ਨੂੰ ਕਿਰਾਏ ਤੋਂ ਛੋਟ ਦਿੱਤੀ ਗਈ ਸੀ। ਉਹਨਾਂ ਅੱਜ ਦੀ ਮੀਟਿੰਗ ਵਿੱਚ ਰੋਜ਼ ਗਾਰਡਨ ਵਿਖੇ ਜੋ ਕੰਟੀਨ ਕਰੋਨਾ ਮਹਾਮਾਰੀ ਦੋਰਾਨ ਪੂਰਨ ਤੋਰ ਤੇ ਬੰਦ ਰਹੀ, ਉਸਦਾ**

ਕਿਰਾਇਆ ਮੁਆਫ ਕਰਨ ਲਈ ਬੇਨਤੀ ਕੀਤੀ ਅਤੇ ਇਸ ਨੂੰ ਅੱਜ ਦੀ ਮੀਟਿੰਗ ਵਿੱਚ ਟੇਬਲ ਆਇਟਮ ਬਣਾ ਕੇ ਵਿਚਾਰ ਕਰਨ ਲਈ ਬੇਨਤੀ ਕੀਤੀ।

ਇਸਤੇ ਵਿਚਾਰ ਕਰਦੇ ਹੋਏ ਸਮੁਚੋਂ ਹਾਊਸ ਵੱਲੋਂ ਇਸ ਮੱਦ ਨੂੰ ਟੇਬਲ ਆਇਟਮ ਬਣਾਉਂਦੇ ਹੋਏ ਵਿਚਾਰ ਕੀਤਾ ਗਿਆ।

| | |
|---|---|
| ਮਤਾ ਨੰਬਰ 115: | ਪਾਸ ਕੀਤਾ ਜਾਂਦਾ ਹੈ ਕਿ ਕਰੋਨਾ ਮਹਾਮਾਰੀ ਦੋਰਾਨ ਰੋਜ਼ ਗਾਰਡਨ ਵਿਖੇ ਪੂਰਨ ਤੋਰ ਤੇ ਬੰਦ ਰਹੀ ਕਨਟੀਨ ਦਾ ਬਣਦਾ ਕਿਰਾਇਆ ਮੁਆਫ ਕੀਤਾ ਜਾਂਦਾ ਹੈ। |

ਸ਼੍ਰੀ ਬਲਜਿੰਦਰ ਸਿੰਘ, ਕੋਂਸਲਰ ਨੇ ਪਿਛਲੇ ਕਾਫੀ ਸਮੇਂ ਤੋਂ ਨਗਰ ਨਿਗਮ ਦੀਆਂ ਦੁਕਾਨਾਂ ਵੇਚਣ ਅਤੇ ਸ਼ਾਮਲਾਟ ਜਮੀਨਾਂ ਦੇ ਅਧਿਕਾਰ ਦੇਣ ਦਾ ਮਾਮਲਾ ਲੰਬਿਤ ਹੈ। ਉਹਨਾਂ ਜਲਦ ਤੋਂ ਜਲਦ ਇਸ ਮਾਮਲੇ ਨੂੰ ਨਿਪਟਾਉਣ ਦੀ ਮੰਗ ਕੀਤੀ। ਇਸਤੇ ਸ੍ਰ: ਹਰਮੰਦਰ ਸਿੰਘ, ਡਿਪਟੀ ਮੇਅਰ ਨੇ ਕਿਹਾ ਕਿ ਸ਼੍ਰੀ ਜਗਰੂਪ ਸਿੰਘ ਗਿੱਲ, ਵਿਧਾਇਕ-ਕਮ ਐਕਸ ਆਫਿਸ਼ਿਓ ਮੈਂਬਰ ਜੀ ਨੇ ਲੋਕਾਂ ਨੂੰ ਕਿਹਾ ਸੀ ਕਿ ਉਹ ਬਿਨਾਂ ਪੈਸਿਆਂ ਤੋਂ ਸ਼ਾਮਲਾਟ ਜਮੀਨਾਂ ਦੇ ਅਧਿਕਾਰ ਲੋਕਾਂ ਨੂੰ ਦਿਵਾਉਣਗੇ। ਇਸ ਸਬੰਧੀ ਕਿਸੇ ਵੱਲੋਂ ਵੀ ਕੋਈ ਪੈਸਾ ਨਹੀਂ ਭਰਿਆ ਜਾਵੇਗਾ। ਉਹਨਾਂ ਬੇਨਤੀ ਕੀਤੀ ਕਿ ਸ਼੍ਰੀ ਜਗਰੂਪ ਸਿੰਘ ਗਿੱਲ, ਵਿਧਾਇਕ-ਕਮ ਐਕਸ ਆਫਿਸ਼ਿਓ ਮੈਂਬਰ ਇਸਦੀ ਕਲੈਰੀਫਿਕੇਸ਼ਨ ਕਰਨ ਤਾਂ ਜੋ ਉਸੇ ਅਨੁਸਾਰ ਕਾਰਵਾਈ ਕੀਤੀ ਜਾ ਸਕੇ। ਜੇਕਰ ਕੋਈ ਕਲੈਰੀਫਿਕੇਸ਼ਨ ਨਹੀਂ ਕੀਤੀ ਜਾਂਦੀ ਤਾਂ ਨਗਰ ਨਿਗਮ ਵੱਲੋਂ ਆਪਣੇ ਪੱਧਰ ਤੇ ਕਾਰਵਾਈ ਕਰ ਲਈ ਜਾਵੇ। ਇਸਤੇ ਸ਼੍ਰੀ ਸੁਖਦੀਪ ਸਿੰਘ ਢਿੱਲੋਂ, ਕੋਂਸਲਰ ਨੇ ਕਿਹਾ ਕਿ ਜਿਸ ਤਰ੍ਹਾਂ ਡਿਪਟੀ ਕਮਿਸ਼ਨਰ, ਬਠਿੰਡਾ ਜੀ ਨੇ ਇੱਕ ਚਿੱਠੀ ਲਿਖ ਕੇ ਸ਼ਾਮਲਾਟ ਜਮੀਨਾਂ ਦਾ ਮਾਲਕ ਨਗਰ ਨਿਗਮ ਨੂੰ ਬਣਾਇਆ ਸੀ, ਉਸੇ ਤਰ੍ਹਾਂ ਨਗਰ ਨਿਗਮ ਵੀ ਚਿੱਠੀ ਦੇ ਕੇ ਆਮ ਲੋਕਾਂ ਨੂੰ ਸ਼ਾਮਲਾਟ ਜਮੀਨਾਂ ਦੇ ਮਾਲਕ ਬਣਾ ਦੇਵੇ। ਇਸਤੇ ਸ੍ਰ: ਹਰਮੰਦਰ ਸਿੰਘ, ਡਿਪਟੀ ਮੇਅਰ ਨੇ ਦਸਿਆ ਕਿ ਇਹ ਹੁਣ ਕਾਨੂੰਨ ਬਣ ਚੁੱਕਿਆ ਹੈ। ਇਸ ਲਈ ਅਜਿਹੀ ਕਾਰਵਾਈ ਨਹੀਂ ਕੀਤੀ ਜਾ ਸਕਦੀ।

ਸ੍ਰ: ਹਰਮੰਦਰ ਸਿੰਘ, ਡਿਪਟੀ ਮੇਅਰ ਨੇ ਕਿਹਾ ਕਿ ਆਮ ਪਬਲਿਕ ਨੂੰ ਆਪਣੀ ਪ੍ਰਾਪਰਟੀ ਸਬੰਧੀ ਐਨ.ਓ.ਸੀ. ਲੈਣ ਖਾਤਰ ਬਹੁਤ ਜਿਆਦਾ ਦਿੱਕਤਾਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਨਕਸ਼ਾ ਨਵੀਸਾਂ ਵੱਲੋਂ ਮਨਮਾਨੀ ਕਰਦੇ ਹੋਏ ਬਹੁਤ ਜਿਆਦਾ ਰੇਟ ਵਸੂਲ ਕੀਤੇ ਜਾ ਰਹੇ ਹਨ। ਉਹਨਾਂ ਕਮਿਸ਼ਨਰ, ਨਗਰ ਨਿਗਮ ਬਠਿੰਡਾ ਜੀ ਨੂੰ ਬੇਨਤੀ ਕੀਤੀ ਕਿ ਨਕਸ਼ਾ ਨਵੀਸਾਂ ਦੀ ਮੀਟਿੰਗ ਬੁਲਾ ਕੇ ਫੀਸ ਨਿਰਧਾਰਤ ਕੀਤੀ ਜਾਵੇ ਤਾਂ ਜੋ ਲੋਕ ਰਾਹਤ ਮਹਿਸੂਸ ਕਰ ਸਕਣ।

ਸ਼੍ਰੀ ਅਸ਼ੋਕ ਕੁਮਾਰ, ਸੀਨੀਅਰ ਡਿਪਟੀ ਮੇਅਰ ਨੇ ਕਿਹਾ ਕਿ ਜਿੰਨ੍ਹਾਂ ਬਿਲਡਿੰਗ ਇੰਸਪੈਕਟਰਾਂ ਪਾਸ ਪਿਛਲੇ ਕਈ ਦਿਨਾਂ ਤੋਂ ਐਨ.ਓ.ਸੀ. ਸਬੰਧੀ ਕੇਸ ਪੈਡਿੰਗ ਪਏ ਹਨ, ਉਹਨਾਂ ਦਾ ਜਲਦ ਤੋਂ ਜਲਦ ਨਿਪਟਾਰਾ ਕਰਵਾਇਆ ਜਾਵੇ।

ਆਖੀਰ ਵਿੱਚ ਧੰਨਵਾਦ ਨਾਲ ਮੀਟਿੰਗ ਖਤਮ ਕੀਤੀ ਗਈ।

**ਮੇਅਰ**
**ਨਗਰ ਨਿਗਮ,ਬਠਿੰਡਾ।**